ਖੂਨਦਾਨ ਮਹਾਂਦਾਨ
ਸ਼੍ਰੀ ਹਰਿਕ੍ਰਿਸ਼ਨ ਚੈਰੀਟੇਬਲ ਸੁਸਾਇਟੀ
SHKCSP
ਮਨੁੱਖਤਾ ਦੀ ਸੇਵਾ ਲਈ
ਹਰ ਪਲ, ਹਰ ਘੜੀ, ਹਰ ਕਦਮ
ਆਪ ਜੀ ਦੀ ਸੇਵਾ ਵਿੱਚ
ਲੋੜਵੰਦ ਪਰਿਵਾਰਾਂ ਲਈ ਮਹੀਨਾਵਾਰ ਰਾਸ਼ਨ
Email : shkcsp@gmail.com www.shkcsp.com
M. : 98761-36031, 98552-21430, 98143-28141, 98557-32101

# ਦੇਸੀ ਪੰਜਾਬ

ਪੰਜਾਬੀਅਤ ਦਾ ਪਹਿਰੇਦਾਰ

Desi Punjab Patiala Approved By : DAVP / D.E.PAPER ਪਟਿਆਲਾ ਤੋਂ ਪ੍ਰਕਾਸ਼ਿਤ


ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ

RNI : PUNPUN/2021/80887 www.desipunjab.in DESI PUNJAB DECEMBER Email : desipunjabchannel@gmail.com

ਮੁੱਖ ਸੰਪਾਦਕ : ਨਵਤੇਜ ਸਿੰਘ ਮੋ. : 97800-66060 ਸੰਪਾਦਕ : ਹਰਪ੍ਰੀਤ ਸਿੰਘ ਮਾਹੀ 9876297268 ਫੋਨ : 0175-7962519

## ਸੇਕਰਡ ਸੌਲਜ਼ ਸਕੂਲ ਨੇ FAP ਨੈਸ਼ਨਲ ਅਵਾਰਡਾਂ 'ਚ ਮਾਰੀ ਬਾਜੀ




Desi Punjab YouTube www.desipunjab.in

ਸੇਕਰਡ ਸੌਲਜ਼ ਸਕੂਲ ਦੇ ਵਿਦਿਆਰਥੀਆਂ ਨੇ ਫ਼ੇਪ (FAP) ਕਲਚਰਲ ਅਵਾਰਡਾਂ ਵਿੱਚ ਆਪਣੀ ਕਲਾਤਮਕ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਵਿਦਿਆਰਥੀਆਂ ਨੇ ਲੁੱਡੀ ਡਾਂਸ ਸ਼੍ਰੇਣੀ ਵਿੱਚ ਹਿੱਸਾ ਲਿਆ ਅਤੇ ਪ੍ਰਭਾਵਸ਼ਾਲੀ ਪ੍ਰਦਰਸ਼ਨ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਉਤਸ਼ਾਹ ਅਤੇ ਕਲਾ ਪ੍ਰਦਰਸ਼ਨ ਲਈ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਸਕੂਲ ਦੀਆਂ ਸੱਭਿਆਚਾਰਕ ਗਤੀਵਿਧੀਆਂ ਵਿੱਚ ਵਧੀਆ ਪ੍ਰਦਰਸ਼ਨ ਨੂੰ ਦੇਖਦਿਆਂ ਸੇਕਰਡ ਸੌਲਜ਼ ਸਕੂਲ ਨੂੰ ਬੈਸਟ ਸਕੂਲ ਟਰਾਫੀ ਅਤੇ ਸਰਟੀਫਿਕੇਟ ਨਾਲ ਨਵਾਜਿਆ ਗਿਆ। ਸਕੂਲ ਪ੍ਰਬੰਧਨ ਅਤੇ ਪ੍ਰਿੰਸੀਪਲ ਨੇ ਵਿਦਿਆਰਥੀਆਂਅਤੇ ਅਧਿਆਪਕਾਂ ਦੀ ਮਿਹਨਤ ਦੀ ਪ੍ਰਸ਼ੰਸਾ ਕਰਦਿਆਂ ਉਹਨਾਂ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਸੱਭਿਆਚਾਰਕ ਮੰਚਾਂ ਤੇ ਚਮਕਦਾਰ ਪ੍ਰਦਰਸ਼ਨ ਜਾਰੀ ਰੱਖਣ ਦੀ ਪ੍ਰੇਰਨਾ ਦਿੱਤੀ।

## ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਰਣਜੀਤ ਸਿੰਘ ਰੰਧਾਵਾ ਕਾਤਰੋਂ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਉਮੀਦਵਾਰ ਰਵੀਇੰਦਰ ਸਿੰਘ ਈਸੜਾ ਦੇ ਹੱਕ ਵਿੱਚ ਚੋਣ ਪ੍ਰਚਾਰ

### ਅੱਜ ਸਮੇਂ ਹਰ ਵਰਗ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੂੰ ਯਾਦ ਕਰ ਰਿਹਾ ਹੈ : ਰੰਧਾਵਾ ਕਾਤਰੋ

Desi Punjab YouTube www.desipunjab.in



ਧੂਰੀ 7 ਦਸੰਬਰ ( ਸੁਰਿੰਦਰ ਸਿੰਘ ) ਜ਼ਿਲ੍ਹਾ ਪ੍ਰੀਸ਼ਦ ਜੋਨ ਮੀਮਸਾ ਤੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਉਮੀਦਵਾਰ ਰਵੀਇੰਦਰ ਸਿੰਘ ਈਸੜਾ ਦੇ ਹੱਕ ਵਿੱਚ ਪਿੰਡ ਈਸੜਾ , ਜੈਨਪੁਰ ਅਤੇ ਪਿੰਡ ਢਢੋਗਲ ਵਿਖੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਧੂਰੀ ਦੇ ਹਲਕਾ ਇੰਚਾਰਜ ਰਣਜੀਤ ਸਿੰਘ ਰੰਧਾਵਾ ਕਾਤਰੋਂ ਨੇ ਚੋਣ ਪ੍ਰਚਾਰ ਕਰਦਿਆਂ ਕਿਹਾ ਕਿ ਅੱਜ ਦੇ ਸਮੇਂ ਪੰਜਾਬ ਦਾ ਹਰ ਵਰਗ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੂੰ ਯਾਦ ਕਰ ਰਿਹਾ ਹੈ ਅਤੇ ਉਨ੍ਹਾਂ ਕਿਹਾ ਕਿ ਪੰਜਾਬ ਦਾ ਸਰਵਪੱਖੀ ਵਿਕਾਸ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਸਰਕਾਰ ਸਮੇਂ ਹੋਇਆ ਹੈ ਅਤੇ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਹਲਕੇ ਵੱਖ ਵੱਖ ਪਿੰਡਾਂ ਵਿੱਚ ਭਰਵਾਂ ਹੁੰਗਾਰਾ ਮਿਲ ਰਿਹਾ ਹੈ । ਇਸ ਮੌਕੇ ਜ਼ਿਲ੍ਹਾ ਪ੍ਰੀਸ਼ਦ ਜੋਨ ਮੀਮਸਾ ਤੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਉਮੀਦਵਾਰ ਰਵੀਇੰਦਰ ਸਿੰਘ ਈਸੜਾ ਨੇ ਆਪਣੇ ਹੱਕ ਵਿੱਚ ਵੋਟਾਂ ਪਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਉਹ ਇਹ ਚੋਣ ਜਿੱਤ ਕੇ ਜ਼ਿਲ੍ਹਾ ਪ੍ਰੀਸ਼ਦ ਜੋਨ ਮੀਮਸਾ ਦੇ ਸਰਵਪੱਖੀ ਵਿਕਾਸ ਲਈ ਹਮੇਸ਼ਾ ਯਤਨਸ਼ੀਲ ਰਹਿਣਗੇ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਹੋਰ ਮਜ਼ਬੂਤ ਕਰਨਗੇ । ਇਸ ਮੌਕੇ ਮਾਸਟਰ ਚੁਹੜ ਸਿੰਘ ਈਸੜਾ , ਨੰਬਰਦਾਰ ਗੁਰਪ੍ਰੀਤ ਸਿੰਘ , ਹਮੀਰ ਸਿੰਘ ਮੈਂਬਰ , ਡਾ ਕਰਨਵੀਰ ਸਿੰਘ ਘਨੌਰੀ , ਕੁਲਦੀਪ ਸਿੰਘ ਸਾਬਕਾ ਮੈਂਬਰ ਅਤੇ ਪ੍ਰਧਾਨ ਨਾਹਰ ਸਿੰਘ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ ।

## ਗੁਰੂ ਤੇਗ ਬਹਾਦਰ ਸਾਹਿਬ ਅਤੇ ਉਨ੍ਹਾਂ ਦੇ ਅੰਨਿਨ ਸਿੱਖਾਂ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਰਵ ਧਰਮ ਸੰਮੇਲਨ

### ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦਾ ਮੁੱਖ ਕਾਰਨ ਗੁਰਸਿੱਖੀ ਦੀ ਇਨਕਲਾਬੀ ਵਿਚਾਰਧਾਰਾ: ਸਰਨਾ

Desi Punjab YouTube www.desipunjab.in






ਨਵੀਂ ਦਿੱਲੀ 7 ਦਸੰਬਰ (ਮਨਪ੍ਰੀਤ ਸਿੰਘ ਖਾਲਸਾ):- ਸ੍ਰੀ ਗੁਰੂ ਗ੍ਰੰਥ ਸਾਹਿਬ ਸਰਵ ਧਰਮ ਸੇਵਾ ਸਮਿਤੀ ਦੇ ਮੁੱਖੀ ਭਾਈ ਪ੍ਰਿਤਪਾਲ ਸਿੰਘ ਚਾਵਲਾ ਵਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਉਨ੍ਹਾਂ ਦੇ ਅੰਨਿਨ ਸਿੱਖ ਭਾਈ ਸਤੀਦਾਸ ਜੀ, ਭਾਈ ਮਤੀਦਾਸ ਜੀ ਅਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਇਕ ਸਰਵ ਧਰਮ ਸੰਮੇਲਣ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਯੂਨੀਵਰਸਿਟੀ ਸੂਰਜਮਲ ਵਿਹਾਰ ਵਿਖ਼ੇ ਕਰਵਾਇਆ ਗਿਆ । ਇਸ ਵਿਚ ਵੱਖ ਵੱਖ ਧਰਮਾਂ ਦੇ ਆਗੂਆਂ ਨੇ ਹਾਜ਼ਿਰੀ ਭਰ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਸਨ । ਪ੍ਰੋਗਰਾਮ ਦੀ ਸ਼ੁਰੂਆਤ ਬੀਬੀਆਂ ਵਲੋਂ ਜਪੁਜੀ ਸਾਹਿਬ, ਸਲੋਕ ਮਹੱਲਾ 9ਵੇਂ ਪਾਠ ਨਾਲ ਕੀਤੀ ਗਈ ਉਪਰੰਤ ਹਾਜਿਰ ਬੁਲਾਰਿਆ ਨੇ ਆਪਣੇ ਵਿਚਾਰਾਂ ਦੀ ਸਾਂਝ ਪਾਈ ਸੀ । ਪਦਮ ਸ੍ਰੀ ਗੁਰਮੀਤ ਸਿੰਘ ਸ਼ੰਟੀ ਨੇ ਕਿਹਾ ਕਿ ਮਨੁੱਖੀ ਅਧਿਕਾਰਾਂ ਦੇ ਰੱਖਿਆ ਲਈ ਦੁਨੀਆਂ ਦੀ ਸਭ ਤੋਂ ਪਹਿਲੀ ਆਵਾਜ਼ ਸਾਹਿਬ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਚੁਕੀ ਸੀ । ਮੁਸਲਮਾਨ ਆਗੂ ਡਾਕਟਰ ਇਮਾਮ ਉਮਰ ਇਲਿਆਸੀ ਨੇ ਨਵੰਬਰ 1984 ਵਿਚ ਕੀਤੇ ਗਏ ਸਿੱਖਾਂ ਦੇ ਕਤਲੇਆਮ ਬਾਰੇ ਕਿਹਾ ਕਿ ਇਹ ਕਤਲੇਆਮ ਕਰਣ ਵਾਲੇ ਸ਼ੈਤਾਨ ਸਨ ਤੇ ਉਨ੍ਹਾਂ ਦਿਨਾਂ ਵਿਚ ਜੋ ਹਾਲਾਤ ਦੇਖੇ ਸਨ ਓਸ ਨੂੰ ਯਾਦ ਕਰਦਿਆਂ ਅੱਜ ਵੀਂ ਰੌਂਗਟੇ ਖੜੇ ਹੋ ਜਾਂਦੇ ਹਨ । ਉਨ੍ਹਾਂ ਕਿਹਾ ਜਦੋ ਹਰ ਧਰਮ ਇਨਸਾਨੀਅਤ ਦੀ ਗੱਲ ਕਰਦਾ ਹੈ ਫਿਰ ਇਸ ਤਰ੍ਹਾਂ ਦਾ ਭੇਦਭਾਵ ਕਿਉਂ..? ਮੰਜੂ ਕੁਰੇਸ਼ੀ ਨੇ ਕਿਹਾ ਕਿ ਤੁਹਾਡੇ ਜੈਕਾਰੇ ਮੁਗਲ ਧਰਮ ਦੀ ਹੀ ਨਹੀਂ ਸਗੋਂ ਹਰ ਸਰਕਾਰ ਦੀਆਂ ਜੜ੍ਹਾਂ ਹਿਲਾਣ ਦਾ ਦਮ ਰੱਖਦੇ ਹਨ ਕਿੱਥੇ ਗਿਆ ਓਹ ਜਜ਼ਬਾ..? ਉਨ੍ਹਾਂ ਕਿਹਾ ਕਿ ਸਿੱਖਾਂ ਦੇ ਨੌਵੇਂ ਅਤੇ ਦਸਵੇਂ ਪਾਤਸ਼ਾਹ ਦੀ ਗੱਲ ਕਰੀਏ ਤਾਂ ਸਾਡੇ ਲੂ ਕੰਡੇ ਅੱਜ ਵੀਂ ਖੜੇ ਹੋ ਜਾਂਦੇ ਹਨ । ਈਸਾਈ ਧਰਮ ਵਲੋਂ ਹਾਜਿਰ ਹੋਏ ਫਾਦਰ ਆਫਿਲਾਸ਼ ਨੇ ਕਿਹਾ ਕਿ ਈਸਾਈ ਹੋਣ ਦੇ ਬਾਵਜੂਦ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨੂੰ ਪ੍ਰਣਾਮ ਕਰਦਾ ਹਾਂ । ਇਕਬਾਲ ਸਿੰਘ ਲਾਲਪੁਰਾ ਨੇ ਗੁਰਬਾਣੀ ਦੀ ਰੋਸ਼ਨੀ ਵਿਚ ਗੁਰੂ ਤੇਗ ਬਹਾਦਰ ਸਾਹਿਬ ਅਤੇ ਉਨ੍ਹਾਂ ਦੇ ਅੰਨਿਨ ਸਿੱਖਾਂ ਦੀ ਸ਼ਹਾਦਤ ਬਾਰੇ ਚਾਂਨਣ ਪਾਇਆ ਸੀ । ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਪ੍ਰਧਾਨ ਸਰਦਾਰ ਪਰਮਜੀਤ ਸਿੰਘ ਸਰਨਾ ਨੇ ਗੁਰੂ ਤੇਗ ਬਹਾਦਰ ਸਾਹਿਬ ਅਤੇ ਉਨ੍ਹਾਂ ਦੇ ਅੰਨਿਨ ਸਿੱਖਾਂ ਦੀ ਸ਼ਹਾਦਤ ਬਾਰੇ ਬਹੁਤ ਸੋਹਣੇ ਅੱਖਰਾਂ ਵਿਚ ਦਸਿਆ ਕਿ 14 ਸਾਲਾਂ ਦੀ ਉਮਰ ਵਿਚ ਮੁਗਲਾਂ ਵਿਰੁੱਧ ਹੋਏ ਯੁੱਧ ਦੌਰਾਨ ਆਪ ਜੀ ਨੇ ਐਸੀ ਬਹਾਦਰੀ ਨਾਲ ਤੇਗ ਚਲਾਈ ਕਿ ਆਪ ਦੇ ਪਿਤਾ ਹੀ ਨੇ ਆਪ ਨੂੰ ਤੇਗ ਬਹਾਦਰ ਕਹਿਣਾ ਸ਼ੁਰੂ ਕਰ ਦਿੱਤਾ। ਗੁਰੂ ਸਾਹਿਬ ਜੀ ਇੱਕ ਉੱਚੀ ਅਤੇ ਸੁੱਚੀ ਸ਼ਖਸੀਅਤ ਦੇ ਮਾਲਕ ਸਨ। ਆਪ ਜੀ ਇੱਕ ਮਹਾਨ ਚਿੰਤਕ, ਨਿਪੁੰਨ ਕਲਾਕਾਰ, ਸਮਾਜ ਸੁਧਾਰਕ ਸਨ। ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਭਾਰਤੀ ਇਤਿਹਾਸ ਵਿੱਚ ਇੱਕ ਵਿਲੱਖਣ ਸਥਾਨ ਰੱਖਦੀ ਹੈ। ਆਪ ਦੀ ਸ਼ਹਾਦਤ ਨੇ ਸੁੱਤੀ ਹੋਈ ਕੌਮ ਦੇ ਵਿੱਚ ਇੱਕ ਨਵੀਂ ਰੂਹ ਫੂਕ ਦਿੱਤੀ ਅਤੇ ਉਨ੍ਹਾਂ ਦੀ ਸ਼ਹਾਦਤ ਦਾ ਮੁੱਖ ਕਾਰਨ ਗੁਰਸਿੱਖੀ ਦੀ ਇਨਕਲਾਬੀ ਵਿਚਾਰਧਾਰਾ ਸੀ। ਸਟੇਜ ਸਕੱਤਰ ਦੀ ਸੇਵਾ ਦਿੱਲੀ ਕਮੇਟੀ ਮੈਂਬਰ ਜਤਿੰਦਰ ਸਿੰਘ ਸੋਨੂੰ ਨੇ ਬਾਖੂਬੀ ਨਿਭਾਈ ਸੀ ਤੇ ਪ੍ਰੋਗਰਾਮ ਦੀ ਸਮਾਪਤੀ ਤੇ ਗੁਰੂ ਕਾ ਲੰਗਰ

## ਹਰਿਆਣਾ ਗੁਰਦੁਆਰਾ ਕਮੇਟੀ ਨੂੰ ਅਸਥਿਰ ਕਰਨ ਲਈ ਪ੍ਰਧਾਨ ਝੀਂਡਾ ਤੁਰੰਤ ਅਹੁਦੇ ਤੋਂ ਅਸਤੀਫ਼ਾ ਦੇਣ - ਜਥੇਦਾਰ ਬਿੱਟਾ ਦਾੜ੍ਹੀ ਰੰਗਣ,

### ਸ਼ਰਾਬ ਦਾ ਸੇਵਨ ਕਰਨ ਵਾਲੇ ਅਤੇ ਚੋਣਾਂ ਵਿੱਚ ਜਮਾਨਤ ਜਪਤ ਕਰਾਉਣ ਵਾਲੇ ਹੁਣ ਅਸਤੀਫ਼ੇ ਮੰਗਣਗੇ - ਜਥੇਦਾਰ ਝੀਂਡਾ

Desi Punjab YouTube www.desipunjab.in




ਲੁਧਿਆਣਾ 7 ਦਸੰਬਰ (ਕਰਨੈਲ ਸਿੰਘ ਐੱਮ.ਏ.) ਹਰਿਆਣਾ ਗੁਰਦੁਆਰਾ ਕਮੇਟੀ ਨੂੰ ਅਸਥਿਰ ਕਰਨ ਅਤੇ ਵਾਅਦੇ ਮੁਤਾਬਕ ਮਿਲ ਕੇ ਨਾ ਚੱਲਣ ਕਾਰਨ ਹਰਿਆਣਾ ਦੀਆਂ ਸੰਗਤਾਂ ਦਾ ਵਿਸ਼ਵਾਸ ਗਵਾ ਚੁੱਕੇ ਪ੍ਰਧਾਨ ਝੀਂਡਾ ਤੁਰੰਤ ਅਸਤੀਫਾ ਦੇਣ ਅਤੇ ਕਮੇਟੀ ਨੂੰ ਨਿਰਵਿਘਨ ਚਲਾਉਣ ਵਿੱਚ ਸਹਾਈ ਹੋਣ। ਇਹ ਵਿਚਾਰ ਅੱਜ ਜਥੇਦਾਰ ਜਸਵਿੰਦਰ ਸਿੰਘ ਬਿੱਟਾ ਜੋ ਕਿ ਅੰਬਾਲਾ ਤੋਂ ਝੀਂਡਾ ਗਰੁੱਪ ਵੱਲੋਂ ਚੋਣ ਲੜ ਚੁੱਕੇ ਹਨ ਨੇ ਮੀਡੀਆ ਨੂੰ ਲਿਖਤੀ ਬਿਆਨ ਰਾਹੀਂ ਦਿੱਤੀ । ਉਹਨਾਂ ਆਖਿਆ ਕਿ ਜਥੇਦਾਰ ਦਾਦੂਵਾਲ ਨਾਲ ਆਪਣੀ ਪ੍ਰਧਾਨਗੀ ਲਈ ਏਕਾ ਕਰਕੇ ਅਤੇ ਮਿਲ ਕੇ ਚੱਲਣ ਦੇ ਵਾਅਦੇ ਕਰਕੇ ਪ੍ਰਧਾਨ ਝੀਂਡਾ ਹੁਣ ਮਨਮਾਨੀਆਂ ਕਰ ਰਹੇ ਹਨ। ਜੇਕਰ ਇਸ ਤਰ੍ਹਾਂ ਹੀ ਕਰਨਾ ਸੀ ਤਾਂ ਦਾਦੂਵਾਲ ਨਾਲ ਪ੍ਰਧਾਨਗੀ ਤੋਂ ਪਹਿਲਾਂ ਸਮਝੌਤਾ ਕਿਉਂ ਕੀਤਾ ਸੀ । ਉਹਨਾਂ ਆਖਿਆ ਕਿ ਪਿਛਲੇ 25 ਸਾਲਾਂ ਤੋਂ ਬਾਦਲ ਗਰੁੱਪ ਨੂੰ ਕੋਸ ਰਹੇ ਝੀਂਡਾ ਨੇ ਬਾਦਲਾਂ ਨਾਲ ਪ੍ਰਧਾਨਗੀ ਬਚਾਉਣ ਖਾਤਰ ਸਮਝੌਤਾ ਕਰ ਲਿਆ ਹੈ, ਅਤੇ 350 ਸਾਲਾ ਸ਼ਹੀਦੀ ਸਮਾਗਮ ਧਮਧਾਨ ਸਾਹਿਬ ਦੀ ਸਟੇਜ ਬਾਦਲਾਂ ਹਵਾਲੇ ਕਰਕੇ ਸੰਗਤਾਂ ਨਾਲ ਧ੍ਰੋਹ ਕਮਾਇਆ ਹੈ । ਉਹਨਾਂ ਆਖਿਆ ਕਿ ਝੀਂਡਾ ਚਾਪਲੂਸ ਅਤੇ ਮਤਲਬ ਪ੍ਰਸਤ ਮੈਂਬਰਾਂ ਅਤੇ ਕਰਮਚਾਰੀਆਂ ਨਾਲ ਘਿਰਿਆ ਹੋਇਆ ਹੈ । ਇਸ ਲਈ ਤਿੰਨ ਵਾਰ ਐਗਜੈਕਟਿਵ ਅਤੇ ਦੋ ਵਾਰ ਜਨਰਲ ਹਾਊਸ ਦੀ ਮੀਟਿੰਗ ਦਾ ਕੋਰਮ ਪੂਰਾ ਨਾ ਹੋਣ ਕਰਕੇ ਮੀਟਿੰਗ ਸਿਰੇ ਨਹੀਂ ਚੜ੍ਹ ਸਕੀ। ਇਸ ਲਈ ਕਮੇਟੀ ਦੇ ਸੁਚਾਰੂ ਰੂਪ ਨਾਲ ਚੱਲਣ ਵਿੱਚ ਸਹਾਈ ਹੋਣ ਲਈ ਪ੍ਰਧਾਨ ਝੀਂਡਾ ਤੁਰੰਤ ਅਸਤੀਫਾ ਦੇਣ । ਉਧਰ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨਾਲ ਜਦੋਂ ਇਸ ਬਾਬਤ ਅਤੇ ਇਸ ਬਿਆਨ ਬਾਰੇ ਗੱਲ ਕੀਤੀ ਗਈ ਤਾਂ ਉਹਨਾਂ ਆਖਿਆ ਕਿ ਮੇਰੇ ਗਰੁੱਪ ਤੋਂ ਜਬਰਦਸਤੀ ਟਿਕਟ ਲੈ ਕੇ ਅੰਬਾਲਾ ਸ਼ਹਿਰ ਤੋਂ ਟਿਕਟ ਲੜ ਕੇ ਅਤੇ ਆਪਣੀ ਜ਼ਮਾਨਤ ਜ਼ਬਤ ਕਰਾਉਣ ਵਾਲੇ ਬਿੱਟਾ ਜੋ ਕਿ ਦਾੜ੍ਹੀ ਰੰਗਦੇ ਹਨ ਅਤੇ ਸ਼ਰਾਬ ਦਾ ਵੀ ਸੇਵਨ ਕਰਦੇ ਹਨ, ਹੁਣ ਉਹ ਅਸਤੀਫੇ ਮੰਗਣਗੇ । ਸੰਗਤਾਂ ਨੇ ਜਿਸ ਬਿੱਟਾ ਨੂੰ ਪੂਰੀ ਤਰ੍ਹਾਂ ਨਕਾਰਿਆ ਅਤੇ ਉਹ ਪੰਜਵੇਂ ਨੰਬਰ ਤੇ ਆਇਆ ਮਹਿਜ ਕੁਝ ਸੌ ਵੋਟਾਂ ਹੀ ਪਈਆਂ ਅਤੇ ਬਲੈਕਮੇਲ ਕਰਨ ਦੇ ਮਾਹਿਰ ਬਿੱਟਾ ਵਰਗੇ ਹੁਣ ਪ੍ਰਧਾਨ ਤੋਂ ਅਸਤੀਫੇ ਮੰਗਣਗੇ । ਪਹਿਲਾਂ ਬਿੱਟਾ ਨੂੰ ਆਪਣਾ ਚਰਿੱਤਰ ਅਤੇ ਆਪਣਾ ਸਿੱਖੀ ਸਰੂਪ ਠੀਕ ਕਰਕੇ ਸੰਗਤ ਦੀ ਸੇਵਾ ਕਰਕੇ ਸੰਗਤ ਵਿੱਚ ਪੈਠ ਬਣਾ ਕੇ ਫਿਰ ਕੋਈ ਗੱਲ ਅੱਗੇ ਕਰਨੀ ਚਾਹੀਦੀ ਹੈ। ਉਹਨਾਂ ਆਖਿਆ ਕਿ ਜਿਹੜੇ ਚੋਣ ਵੀ ਹਾਰ ਚੁੱਕੇ ਹਨ ਕਦੀ ਕੋਈ ਉਹਨਾਂ 'ਚੋਂ ਪ੍ਰਧਾਨਗੀ ਮੰਗਦਾ ਹੈ ਤੇ ਕੋਈ ਅਸਤੀਫ਼ੇ ਮੰਗਦਾ ਹੈ, ਕਿੰਨੀ ਹਾਸੋਹੀਣੀ ਗੱਲ ਹੈ ।

## ਕਲੱਬ ਦੇ ਡਿਵਲਪਮੈਂਟ ਗਰੁੱਪ ਨੇ ਫਰੈਂਡਸ਼ਿਪ ਅਤੇ ਡੈਮੋਕਰੈਟਿਵ ਗਰੁੱਪ ਦੇ ਉਮੀਦਵਾਰਾਂ ਨੂੰ ਸਮਰਥਨ ਦਾ ਕੀਤਾ ਐਲਾਨ ਅੱਜ ਸਵੇਰ ਦੇ ਨਾਸ਼ਤੇ ਤੇ 400 ਤੋਂ ਵੱਧ ਮੈਂਬਰ ਹੋਏ ਹਾਜ਼ਰ

Desi Punjab YouTube www.desipunjab.in




ਆਗਾਮੀ 20 ਦਸੰਬਰ ਦੀਆਂ ਜਿਮਖ਼ਾਨਾਂ ਚੋਣਾਂ ਸਬੰਧੀ ਫਰੈਂਡਸ਼ਿਪ ਅਤੇ ਡੈਮੋਕਰੇਟਿਵ ਗਰੁੱਪ ਦੇ ਮੈਂਬਰਾਂ ਨੂੰ ਕਲੱਬ ਦੇ ਡਿਵੈਲਪਮੈਂਟ ਗਰੁੱਪ ਦੇ ਚੇਅਰਮੈਨ ਪੀ.ਐਸ ਸੋਡੀ, ਪ੍ਰਧਾਨ ਹਰਦੇਵ ਸਿੰਘ ਬੱਲੀ, ਪਰਮਿੰਦਰ ਸਿੰਘ, ਹਰਮਿੰਦਰ ਸਿੰਘ ਮਿੱਕੀ, ਗੋਪਾਲ ਸ਼ਰਮਾ, ਪਵਨ ਇੰਦਰ ਸਿੰਘ, ਰਾਜਕੁਮਾਰ ਮਹਿਤਾ, ਹਰਬਖਸ਼ ਸਿੰਘ ਚਹਿਲ, ਸੰਜੀਵ ਜਿੰਦਲ ਯਸ਼ਵੰਤ ਸਿਨਹਾ ਸਮੇਤ ਅਤੇ ਸਵੇਰ ਦੇ ਨਾਸ਼ਤੇ ਤੇ ਇਕੱਠੇ ਹੋਏ 400 ਦੇ ਕਰੀਬ ਮੈਂਬਰਾਂ ਨੇ ਅੱਜ ਇਸ ਗਰੁੱਪ ਦੇ ਚੋਣ ਲੜ ਰਹੇ ਸਾਰੇ ਹੀ ਉਮੀਦਵਾਰਾਂ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ। ਅੱਜ ਕਲੱਬ ਦੇ ਸੀਨੀਅਰ ਮੈਂਬਰ ਹਰਦੇਵ ਸਿੰਘ ਬੱਲੀ ਤੇ ਜਨਮ ਦਿਨ ਨੂੰ ਸਮਰਪਿਤ ਬ੍ਰੇਕਫਾਸਟ ਉੱਤੇ ਇਕੱਠੇ ਹੋਏ ਮੈਂਬਰਾਂ ਵਿੱਚ ਪੂਰਾ ਉਤਸਾਹ ਸੀ। ਇਸ ਮੌਕੇ ਮੈਂਬਰਾਂ ਨੇ ਸਾਂਝੇ ਤੌਰ ਤੇ ਬੋਲਦਿਆਂ ਕਿਹਾ ਕਿ ਚੋਣ ਲੜ ਰਹੀ ਨਵੀਂ ਟੀਮ ਦੇ ਸਾਰੇ ਹੀ ਅਹੁਦੇਦਾਰ ਬਹੁਤ ਹੀ ਸੂਝਵਾਨ ਅਤੇ ਆਪਣੇ ਆਪਣੇ ਫੀਲਡ ਵਿੱਚ ਮਾਹਿਰ ਹਨ ਅਤੇ ਕਲੱਬ ਦੇ ਉਜਵਲ ਭਵਿੱਖ, ਤਰੱਕੀ ਅਤੇ ਖੁਸ਼ਹਾਲੀ ਲਈ ਕਲੱਬ ਦੇ ਮੈਂਬਰਾਂ ਅਤੇ ਉਨਾਂ ਦੇ ਪਰਿਵਾਰ ਵਾਲਿਆਂ ਨੂੰ ਵਧੀਆ ਸਹੂਲਤਾਂ ਦੇਣ ਲਈ ਵਚਨਬੱਧ ਹਨ। ਅਸੀ ਸਾਰੇ ਹੀ ਇਸ ਗਰੁੱਪ ਦੇ ਸਾਰੇ 12 ਉਮੀਦਵਾਰਾਂ ਦੇ ਹੱਕ ਵਿੱਚ ਵੋਟਾਂ ਪਾਉਣ ਦੀ ਅਪੀਲ ਕਰਦੇ ਹਾਂ ਤਾਂ ਜੋ ਕਲੱਬ ਦੀ ਬੇਹਤਰੀ ਲਈ ਇੱਕ ਵਧੀਆ ਟੀਮ ਚੁਣੀ ਜਾਏ ਜੋ ਕਿ ਭਵਿੱਖ ਵਿੱਚ ਕਲੱਬ ਦੇ ਵਿੱਚ ਡਿਵੈਲਪਮੈਂਟ ਦੇ ਵੱਧ ਤੋਂ ਵੱਧ ਕੰਮ ਕਰਵਾਉਣ ਲਈ ਵਚਨਬੱਧ ਰਹੇਗੀ। ਜਿਸ ਅਨੁਸਾਰ ਪ੍ਰਧਾਨ ਦੇ ਉਹਦੇ ਲਈ ਡਾ. ਹਰਸਿਮਰਨ ਸਿੰਘ ਤੁੱਲੀ, ਮੀਤ ਪ੍ਰਧਾਨ ਲਈ ਕ੍ਰਿਸ਼ਨ ਕੁਮਾਰ ਪੈਂਥੇ, ਸਕੱਤਰ ਲਈ ਹਰਪ੍ਰੀਤ ਸਿੰਘ ਸੰਧੂ, ਜੁਇੰਅਟ ਸਕੱਤਰ ਲਈ ਸੀ.ਏ. ਰੋਹਿਤ ਗੁਪਤਾ ਅਤੇ ਖਜਾਂਨਚੀ ਲਈ ਮੋਹਿਤ ਢੇਡੀ ਤੇ ਐਗਜੀਕਿਊਟਿਵ ਮੈਂਬਰ ਲਈ ਪਵਨ ਨਾਗਰਥ, ਰਾਹੁਲ ਮਹਿਤਾ, ਆਸ਼ੀਸ਼ ਜੈਨ, ਅਸੀਮ ਜੈਨ, ਐਡ, ਗੁਰਮੀਤ ਸਿੰਘ, ਵਿਸ਼ਾਲ ਸਿੰਗਲਾ ਅਤੇ ਸਾਹਿਲ ਖੰਨਾ ਪ੍ਰਮੁੱਖ ਹਨ। ਇਸ ਮੌਕੇ ਡਾ. ਮਨਮੋਹਨ ਸਿੰਘ, ਦੀਪਕ ਕੰਪਾਨੀ, ਵਿਕਾਸ ਪੁਰੀ, ਸੰਚਿਤ ਬਾਂਸਲ , ਪ੍ਰਿਤਪਾਲ ਸਿੰਘ ਥਿੰਦ, ਭੁਪਿੰਦਰ ਸਿੰਘ ਖੱਟੜਾ, ਗੁਰਦੇਵ ਸਿੰਘ ਧਾਲੀਵਾਲ, ਜਸਵਿੰਦਰ ਸਿੰਘ ਟਿਵਾਣਾ, ਦਲਬੀਰ ਸਿੰਘ ਗਰੇਵਾਲ, , ਸੱਤ ਪ੍ਰਕਾਸ਼ ਗੋਇਲ, ਬਿਕਰਮਜੀਤ ਸਿੰਘ, ਨਰੇਸ਼ ਸਿੰਗਲਾ, ਵਿਨੋਦ ਵਤਰਾਣਾ , ਕੇ.ਕੇ ਮਲਹੋਤਰਾ, ਅਨਿਲ ਅਰੋੜਾ ਸੀ.ਏ, ਗੁਰਮਖ ਸਿੰਘ ਢਿੱਲੋ, ਬੀ.ਡੀ ਗੁਪਤਾ, ਡਾ. ਜੇ.ਪੀ.ਐਸ ਵਾਲੀਆ, ਗੁਰਦੀਪ ਸਿੰਘ ਚੀਮਾ, ਬਿਕਰਮਜੀਤ ਸਿੰਘ,ਪਵਨ ਸਿੰਗਲਾ, ਪ੍ਰਦੀਪ ਸਿੰਗਲਾ, ਸੰਜੀਵ ਮਲਹੋਤਰਾ, ਸੰਜੀਵ ਗੁਪਤਾ, ਨਰੇਸ਼ ਗੁਪਤਾ, ਧੀਰਜ ਚਲਾਣਾ, ਡਾ.ਸੰਜੇ ਬਾਂਸਲ, ਅਮਿਤ ਬੇਦੀ, ਅਸ਼ਵਨੀ ਗਰਗ, ਹਰਸ਼ਪਾਲ ਸਿੰਘ, ਅਮਰੀਸ਼ ਬਾਂਸਲ, ਏ.ਪੀ ਗਰਗ, ਵਿਕਟਰ ਚਾਵਲਾ, ਜੂਹੀ ਚਾਵਲਾ, ਗੁਰਪਿਆਰ ਸਿੰਘ ਜੱਗੀ ਅਤੇ ਹੋਰ ਮੈਂਬਰ ਮੌਕੇ ਤੇ ਹਾਜ਼ਰ ਸਨ।

# ਚੁਸਪਿੰਦਰਬੀਰ ਸਿੰਘ ਨੂੰ ਲੋਕ ਮਿਲਣੀਆਂ ਦੋਰਾਨ ਮਿਲ ਰਿਹਾ ਲੋਕਾਂ ਦਾ ਭਰਮਾ ਹੁੰਗਾਰਾ



ਭੀਖੀ, 07 ਦਸੰਬਰ ( ਕਮਲ ਜਿੰਦਲ)ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰੀਸ਼ਦ ਜੋਨ ਬੋੜਾਵਾਲ ਤੋਂ ਚੋਣ ਲੜ ਰਹੇ ਯੁੱਧ ਨਸ਼ਿਆਂ ਵਿਰੁੱਧ ਦੇ ਮਾਲਵਾ ਜੋਨ ਦੇ ਕੋਆਰਡੀਨੇਟਰ ਚੁਸਪਿੰਦਰਬੀਰ ਸਿੰਘ ਨੂੰ ਜੋਨ ਬੋੜਾਵਾਲ ਦੇ ਪਿੰਡਾਂ ਵਿੱਚੋਂ ਭਰਮਾ ਹੁੰਗਾਰਾ ਮਿਲ ਰਿਹਾ ਹੈ ਅੱਜ ਉਹਨਾਂ ਵੱਲੋਂ ਆਪਣੇ ਹਲਕੇ ਦੇ ਪਿੰਡ ਗੜੱਦੀ ਅਤੇ ਆਲਮਪੁਰ ਗੁਰਨੇ ਕਲਾਂ ਵਿੱਚ ਲੋਕ ਮਿਲਣੀ ਕੀਤੀ। ਇਸ ਮਿਲਣੀ ਦੌਰਾਨ ਭਾਰੀ ਇਕੱਠ ਨੇ ਚੁਸਪਿੰਦਰਬੀਰ ਸਿੰਘ ਦੇ ਹੌਂਸਲੇ ਹੋਰ ਵੀ ਬੁਲੰਦ ਕੀਤੇ ਅਤੇ ਉਸ ਨੂੰ ਥਾਂ ਥਾਂ ਤੇ ਲੱਡੂਆਂ ਤੇ ਕੇਲਿਆਂ ਨਾਲ ਤੋਲਿਆ ਗਿਆ ਇਸ ਮੌਕੇ ਲੋਕਾਂ ਨੂੰ ਸੰਬੋਧਨ ਕਰਦਿਆਂ ਹੋਈਆਂ ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਜੋ ਲੋਕਾਂ ਨਾਲ ਵਾਅਦੇ ਕੀਤੇ ਸੀ ਉਹ ਪਹਿਲ ਦੇ ਅਧਾਰ ਤੇ ਪੂਰੇ ਕੀਤੇ ਜਾ ਰਹੇ ਹਨ ਖੇਡਿਆਂ ਨੂੰ ਚੰਗੇ ਖੇਡ ਸਟੇਡੀਅਮ, ਸੜਕਾਂ ,ਮਹੱਲਾ ਕਲੀਨਿਕ, ਗਲੀਆਂ ਨਾਲੀਆਂ ਦਾ ਨਵੀਨੀਕਰਨ ਅਤੇ ਹਰ ਮੁਢਲੀ ਸਹੂਲਤਾ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਦਿੱਤੀ ਜਾ ਰਹੀ ਹੈ ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਜੋ ਲੋਕਾਂ ਨਾਲ ਵਾਅਦੇ ਕਰਕੇ ਸੱਤਾ ਵਿੱਚ ਆਈ ਸੀ ਉਹ ਹਰ ਇੱਕ ਵਾਅਦਾ ਨੂੰ ਪੂਰਾ ਕਰ ਰਹੀ ਹੈ, ਉਹਨਾਂ ਕਿਸਾਨ ਪਰਿਵਾਰ ਨੂੰ ਸਬੋਧਨ ਕਰਦੇ ਕਿਹਾ ਕਿ ਮਾਨ ਸਰਕਾਰ ਵੱਲੋਂ ਸੱਚਾਈ ਲਈ 24 ਘੰਟੇ ਬਿਜਲੀ, ਪੱਕੇ ਖਾਲ, ਨਹਿਰੀ ਪਾਣੀ ਜੋ ਵੀ ਵਾਅਦਾ ਕੀਤਾ ਗਿਆ ਸੀ ਉਹ ਪਹਿਲ ਦੇ ਅਧਾਰ ਤੇ ਪੂਰਾ ਕੀਤਾ ਗਿਆ ਹੈ ।ਇਸ ਮੌਕੇ ਉਹਨਾਂ ਨਾਲ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਦੇ ਵਰਕਰ ਅਤੇ

# ਵਾਇਰਲ ਵੀਡੀਓ ਰਾਹੀਂ ਮਿਲੀ ਸ਼ਿਕਾਇਤ ’ਤੇ ਮੇਅਰ ਨੇ ਕੀਤਾ ਵਾਰਡ ਨੰਬਰ 15 ਅਲੀਪੁਰ ਅਰਾਈਆਂ ਵਿੱਚ ਅਚਨਚੇਤ ਸੜਕ ਦਾ ਨਰੀਖਣ



ਪਟਿਆਲਾ 7 ਦਸੰਬਰ ( ) — ਸ਼ਹਿਰ ਵਿੱਚ ਵਿਕਾਸ ਕਾਰਜਾਂ ਦੀ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਮੇਅਰ ਕੁੰਦਨ ਗੋਗੀਆ ਵੱਲੋਂ ਸਖ਼ਤ ਰੁਖ ਅਪਣਾਇਆ ਜਾ ਰਿਹਾ ਹੈ। ਇਸੀ ਕੜੀ ਤਹਿਤ ਵਾਇਰਲ ਵੀਡੀਓ ਰਾਹੀਂ ਸੜਕ ਨਿਰਮਾਣ ਨਾਲ ਸਬੰਧਿਤ ਸ਼ਿਕਾਇਤ ਮਿਲਦਿਆਂ ਹੀ ਮੇਅਰ ਕੁੰਦਨ ਗੋਗੀਆ ਅੱਜ ਵਾਰਡ ਨੰਬਰ 15 ਅਲੀਪੁਰ ਅਰਾਈਆਂ ਵਿਖੇ ਅਚਨਚੇਤ ਤੌਰ ’ਤੇ ਸੜਕ ਦੇ ਨਿਰਮਾਣ ਕੰਮ ਦਾ ਨਰੀਖਣ ਕਰਨ ਪੁੱਜੇ।ਮੌਕੇ ’ਤੇ ਪਹੁੰਚ ਕੇ ਮੇਅਰ ਨੇ ਚੱਲ ਰਹੇ ਕੰਮ, ਵਰਤੇ ਜਾ ਰਹੇ ਮਟੀਰੀਅਲ ਅਤੇ ਨਿਰਮਾਣ ਦੀ ਪ੍ਰਕਿਰਿਆ ਦੀ ਬਾਰਕੀ ਨਾਲ ਜਾਂਚ ਕੀਤੀ। ਨਰੀਖਣ ਦੌਰਾਨ ਕੁਝ ਖਾਮੀਆਂ ਨਜ਼ਰ ਆਉਣ ’ਤੇ ਮੇਅਰ ਨੇ ਮੌਜੂਦ ਅਧਿਕਾਰੀਆਂ ਅਤੇ ਸਬੰਧਤ ਠੇਕੇਦਾਰ ਨੂੰ ਤੁਰੰਤ ਸਖ਼ਤ ਹਦਾਇਤਾਂ ਜਾਰੀ ਕੀਤੀਆਂ। ਉਨ੍ਹਾਂ ਸਪਸ਼ਟ ਸ਼ਬਦਾਂ ਵਿੱਚ ਕਿਹਾ ਕਿ ਸੜਕਾਂ ਦੇ ਨਿਰਮਾਣ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਜਾਂ ਘੱਟ ਗੁਣਵੱਤਾ ਬਰਦਾਸ਼ਤ ਨਹੀਂ ਕੀਤੀ ਜਾਵੇਗੀ ।ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਸ਼ਹਿਰ ਵਾਸੀਆਂ ਦੇ ਟੈਕਸ ਦੇ ਪੈਸੇ ਨਾਲ ਹੋ ਰਹੇ ਵਿਕਾਸ ਕਾਰਜਾਂ ਵਿੱਚ ਪਾਰਦਰਸ਼ਤਾ ਅਤੇ ਮਜ਼ਬੂਤੀ ਸਭ ਤੋਂ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸੜਕਾਂ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਨਾਲ ਸਿੱਧੇ ਤੌਰ ’ਤੇ ਜੁੜੀਆਂ ਹੁੰਦੀਆਂ ਹਨ ਅਤੇ ਜੇ ਇਨ੍ਹਾਂ ਵਿੱਚ ਕਮਜ਼ੋਰੀ ਰਹਿ ਗਈ ਤਾਂ ਲੋਕਾਂ ਨੂੰ ਭਵਿੱਖ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ।ਮੇਅਰ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸੜਕ ਦੇ ਨਿਰਮਾਣ ਦੌਰਾਨ ਮਿਆਰੀ ਮਟੀਰੀਅਲ ਦੀ ਵਰਤੋਂ, ਲੇਅਰਿੰਗ, ਮੋਟਾਈ ਅਤੇ ਤਕਨੀਕੀ ਮਿਆਰਾਂ ਦੀ ਪੂਰੀ ਪਾਲਣਾ ਯਕੀਨੀ ਬਣਾਈ ਜਾਵੇ। ਉਨ੍ਹਾਂ ਕਿਹਾ ਕਿ ਨਿਗਮ ਦੇ ਅਧਿਕਾਰੀ ਨਿਰੰਤਰ ਤੌਰ ’ਤੇ ਮੌਕੇ ’ਤੇ ਜਾ ਕੇ ਕੰਮ ਦੀ ਨਿਗਰਾਨੀ ਕਰਨ ਤਾਂ ਜੋ ਕਿਸੇ ਵੀ ਤਰ੍ਹਾਂ ਦੀ ਗੜਬੜ ਤੁਰੰਤ ਫੜੀ ਜਾ ਸਕੇ।ਉਨ੍ਹਾਂ ਇਹ ਵੀ ਦੱਸਿਆ ਕਿ ਨਗਰ ਨਿਗਮ ਨਾਗਰਿਕਾਂ ਵੱਲੋਂ ਮਿਲ ਰਹੀਆਂ ਸ਼ਿਕਾਇਤਾਂ ਅਤੇ ਸੁਝਾਵਾਂ ਨੂੰ ਗੰਭੀਰਤਾ ਨਾਲ ਲੈਂਦਾ ਹੈ ਅਤੇ ਵੀਡੀਓ ਜਾਂ ਹੋਰ ਮਾਧਿਅਮਾਂ ਰਾਹੀਂ ਆਉਣ ਵਾਲੀ ਹਰ ਸ਼ਿਕਾਇਤ ਦੀ ਜਾਂਚ ਕੀਤੀ ਜਾ ਰਹੀ ਹੈ। ਮੇਅਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੇ ਕਿਤੇ ਵੀ ਘੱਟ ਗੁਣਵੱਤਾ ਵਾਲਾ ਕੰਮ ਨਜ਼ਰ ਆਏ ਤਾਂ ਉਹ ਨਗਰ ਨਿਗਮ ਦੇ ਧਿਆਨ ਵਿੱਚ ਲਿਆਉਣ।

ਅੰਤ ਵਿੱਚ ਮੇਅਰ ਕੁੰਦਨ ਗੋਗੀਆ ਨੇ ਦੋਹਰਾਇਆ ਕਿ ਸ਼ਹਿਰ ਵਿੱਚ ਟਿਕਾਊ ਅਤੇ ਮਜ਼ਬੂਤ ਵਿਕਾਸ ਉਨ੍ਹਾਂ ਦੀ ਪ੍ਰਾਥਮਿਕਤਾ ਹੈ ਅਤੇ ਇਸ ਮਕਸਦ ਲਈ ਕਿਸੇ ਨਾਲ ਵੀ ਸਮਝੌਤਾ ਨਹੀਂ ਕੀਤਾ ਜਾਵੇਗਾ।

# ਜਸਵਿੰਦਰ ਕੌਰ ਨੇ ਬਲਾਕ ਸੰਮਤੀ ਥੋਪੀਆ ਜੋਨ ਤੋਂ ਬ੍ਰਿਗੇਡੀਅਰ ਰਾਜ ਕੁਮਾਰ ਤੇ ਸੇਠੀ ਉਧਨੋਵਾਲ ਦੀ ਅਗਵਾਈ ਵਿੱਚ ਕੀਤਾ ਚੋਣ ਮਹਿੰਮ ਦਾ ਆਗਾਜ ....



ਬਲਾਚੌਰ 7 ਦਸੰਬਰ (ਜਤਿੰਦਰ ਪਾਲ ਸਿੰਘ ਕਲੇਰ )ਪੰਜਾਬ ਵਿੱਚ ਜਿਲਾ ਪਰਿਸ਼ਦ ਤੇ ਬਲਾਕ ਸੰਮਤੀ ਚੋਣਾਂ ਨੂੰ ਲੈ ਕੇ ਅਖਾੜਾ ਭੱਖਦਾ ਹੋਇਆ ਨਜ਼ਰ ਆ ਰਿਹਾ ਹੈ ਵੱਖ-ਵੱਖ ਪਾਰਟੀਆਂ ਵੱਲੋਂ ਐਲਾਨੇ ਉਮੀਦਵਾਰਾਂ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਹੈ ਜਿਸ ਦੇ ਤਹਿਤ ਅੱਜ ਹਲਕਾ ਬਲਾਚੌਰ ਦੇ ਪਿੰਡ ਥੋਪੀਆ ਜੋਨ ਤੋਂ ਬਲਾਕ ਸੰਮਤੀ ਦੇ ਉਮੀਦਵਾਰ ਜਸਵਿੰਦਰ ਕੌਰ ਦੇ ਹੱਕ ਵਿੱਚ ਆਮ ਆਦਮੀ ਪਾਰਟੀ ਦੇ ਵਲੰਟੀਅਰ ਵੱਲੋਂ ਚੋਣ ਮੁਹਿੰਮ ਦਾ ਅੱਜ ਆਗਾਜ਼ ਕੀਤਾ ਗਿਆ। ਇਸ ਚੋਣ ਮੁਹਿੰਮ ਬਲਾਕ ਸੰਮਤੀ ਜੋਨ ਥੋਪੀਆ ਤੋਂ ਉਮੀਦਵਾਰ ਜਸਵਿੰਦਰ ਕੌਰ ਵੱਲੋਂ ਆਪਣੇ ਪਿੰਡ ਤੋਂ ਸ਼ੁਰੂਆਤ ਕੀਤੀ ਗਈ ਇਸ ਚੋਣ ਮੁਹਿੰਮ ਵਿੱਚ ਆਮ ਆਦਮੀ ਪਾਰਟੀ ਦੇ ਕਈ ਆਹੁਦੇਦਾਰਾਂ ਤੇ ਵਲੰਟੀਅਰ ਨੇ ਹਿੱਸਾ ਲਿਆ ਇਸ ਮੌਕੇ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆ ਬ੍ਰਿਗੇਡੀਅਰ ਰਾਜ ਕੁਮਾਰ ਚੇਅਰਮੈਨ ਗੁੱਜਰ ਵੈਲਫੇਅਰ ਬੋਰਡ ਪੰਜਾਬ ਨੇ ਕਿਹਾ ਕਿ ਪਾਰਟੀ ਵੱਲੋਂ ਥੋਪੀਆ ਜੋਨ ਬਲਾਕ ਸੰਮਤੀ ਤੋਂ ਜਸਵਿੰਦਰ ਕੌਰ ਜੀ ਨੂੰ ਉਮੀਦਵਾਰ ਬਣਾਇਆ ਗਿਆ ਸੀ ਜਿਸ ਦੇ ਹੱਕ ਵਿੱਚ ਅੱਜ ਉਹਨਾਂ ਦੀ ਪਾਰਟੀ ਵੱਲੋਂ ਚੋਣ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ ।ਇਸ ਮੌਕੇ ਤੇ ਸੇਠੀ ਉਧਨਵਾਲ ਸੰਗਠਨ ਇੰਚਾਰਜ ਬਲਾਚੌਰ ਤੇ ਚੇਅਰਮੈਨ ਮਾਰਕੀਟ ਕਮੇਟੀ ਬਲਾਚੌਰ ਨੇ ਬਲਾਕ ਸੰਮਤੀ ਥੋਪੀਆ ਜੋਨ ਦੇ ਅਧੀਨ ਆਉਂਦੇ ਵੱਖ-ਵੱਖ ਪਿੰਡਾਂ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਪਿੰਡਾਂ ਦੇ ਵਿੱਚ ਵਿਕਾਸ ਕਾਰਜਾਂ ਵਿੱਚ ਤੇਜ਼ੀ ਲਿਆਉਣ ਲਈ ਬਲਾਕ ਸੰਮਤੀ ਮੈਂਬਰ ਜਸਵਿੰਦਰ ਕੌਰ ਜੀ ਨੂੰ 14 ਦਸੰਬਰ ਨੂੰ ਆਪਣੀ ਇੱਕ ਕੀਮਤੀ ਵੋਟ ਪਾ ਕੇ ਕਾਮਯਾਬ ਕਰੋ ਉਹਨਾਂ ਨੇ ਕਿਹਾ ਕਿ ਪਾਰਟੀ ਵੱਲੋਂ ਕੀਤੇ ਗਏ ਕੰਮਾਂ ਤੇ ਹੀ ਲੋਕਾਂ ਕੋਲੋਂ ਵੋਟ ਮੰਗੀ ਜਾਵੇਗੀ। ਇਸ ਮੌਕੇ ਤੇ ਜ਼ਿਲਾ ਮੀਡੀਆ ਇੰਚਾਰਜ ਚੰਦਰ ਮੋਹਨ ਜੇਡੀ ,ਹਲਕਾ ਮੀਡੀਆ ਸਹਿ ਇੰਚਾਰਜ ਵਿਸ਼ਵ ਰਾਜ ਕੌਸ਼ਲ, ਐਮਸੀ ਅਜੇ ਕੁਮਾਰ ਬਿੱਟੂ ਰਾਣਾ, ਗੁਰਪ੍ਰੀਤ ਸਿੰਘ ਗੋਪੀ ਸੈਣੀ, ਹਨੀ ਜੋਗੇਵਾਲ ਡਾਕਟਰ ਵਾਸਦੇਵ ਭੂੰਬਲਾ, ਤਰਸੇਮ ਲਾਲ ਉਧਨਵਾਲ, ਰਾਮ ਸ਼ਾਹ ਕਸਾਣਾ , ਕਾਲਾ ਕਸਾਣਾ ਵਿਨੋਦ ਕੁਮਾਰ, ਵਿਜੇ ਕੁਮਾਰ ਉਧਨਵਾਲ, ਲਾਲ ਚੰਦ ਕਸਾਣਾ,ਮੋਹਨ ਲਾਲ, ਜਤਿੰਦਰ ਕੁਮਾਰ ਆਦਿ ਹਾਜ਼ਰ ਸਨ।

# ਆਮ ਆਦਮੀ ਪਾਰਟੀ ਦੀ ਸਰਕਾਰ ਡਾ. ਅੰਬੇਦਕਰ ਦੇ ਸੁਪਨਿਆਂ ਨੂੰ ਪੂਰਾ ਕਰਨ ਵਾਲੀ ਪਹਿਲੀ ਸਰਕਾਰ- ਈ ਟੀ ਓ

## ਜੰਡਿਆਲਾ ਗੁਰੂ ਵਿਖੇ ਡਾ. ਅੰਬੇਦਕਰ ਦੀ ਪ੍ਰਤਿਮਾ ਸਥਾਪਿਤ



ਰਣਜੀਤ ਸਿੰਘ ਮਸੌਣ ਜੋਗਾ ਸਿੰਘ ਰਾਜਪੂਤ ਅੰਮ੍ਰਿਤਸਰ, 7 ਦਸੰਬਰ ਸੰਵਿਧਾਨ ਦੇ ਨਿਰਮਾਤਾ ਡਾਕਟਰ ਭੀਮ ਰਾਓ ਅੰਬੇਦਕਰ ਜੀ ਦੀ ਬਰਸੀ ਮੌਕੇ ਜੰਡਿਆਲਾ ਗੁਰੂ ਵਿਖੇ ਲੋਕਾਂ ਦੀ ਕਈ ਅਰਸਿਆਂ ਤੋਂ ਚੱਲੀ ਆ ਰਹੀ ਮੰਗ ਨੂੰ ਪੂਰਾ ਕਰਦੇ ਹੋਏ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਦੇ ਯਤਨਾਂ ਸਦਕਾ ਡਾ. ਅੰਬੇਦਕਰ ਦੀ ਪ੍ਰਤੀਮਾ ਸਥਾਪਿਤ ਕੀਤੀ ਗਈ ਅਤੇ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ।

ਇਸ ਮੌਕੇ ਸੰਬੋਧਨ ਕਰਦੇ ਉਨਾਂ ਕਿਹਾ ਕਿ ਡਾ. ਅੰਬੇਡਕਰ ਦੀ ਇਹ ਪ੍ਰਤੀਮਾ ਨਵੀਂ ਪੀੜ੍ਹੀ ਲਈ ਪ੍ਰੇਰਣਾ ਦਾ ਸਰੋਤ ਬਣੇਗੀ ਅਤੇ ਉਹਨਾਂ ਨੂੰ ਆਪਣੇ ਅਧਿਕਾਰਾਂ, ਜ਼ਿੰਮੇਵਾਰੀਆਂ ਅਤੇ ਰਾਸ਼ਟਰ ਨਿਰਮਾਣ ਵਿੱਚ ਆਪਣੀ ਭੂਮਿਕਾ ਨੂੰ ਸਮਝਣ ਲਈ ਪ੍ਰੇਰਿਤ ਕਰੇਗੀ।

ਇਸ ਮੌਕੇ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਦੇ ਉਮੀਦਵਾਰ, ਸਮੂਹ ਪੰਚਾਇਤਾਂ ਅਤੇ ਹੋਰ ਸੀਨੀਅਰ ਆਗੂ ਵੀ ਮੌਜ਼ੂਦ ਰਹੇ।

ਇਸ ਮੌਕੇ ਕੈਬਨਿਟ ਮੰਤਰੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਡਾਕਟਰ ਅੰਬੇਦਕਰ ਵੱਲੋਂ ਲਏ ਗਏ ਸੁਪਨਿਆਂ ਨੂੰ ਪੂਰਾ ਕਰਨ ਵਾਲੀ ਪਹਿਲੀ ਸਰਕਾਰ ਹੈ। ਉਹਨਾਂ ਦੱਸਿਆਂ ਕਿ ਜਿੱਥੇ ਇਸ ਸਰਕਾਰ ਵਿੱਚ ਪਹਿਲਾਂ ਅਨੁਸੂਚਿਤ ਜਾਤੀ ਭਾਈਚਾਰੇ ਵਿੱਚੋਂ ਛੇ ਮੰਤਰੀ ਵੱਡੇ ਵਿਭਾਗਾਂ ਦੀਆਂ ਜ਼ਿੰਮੇਵਾਰੀਆਂ ਨਿਭਾ ਰਹੇ ਹਨ, ਉੱਥੇ ਪੰਜਾਬ ਸਰਕਾਰ ਨੇ ਰਾਜ ਦੇ ਕਾਨੂੰਨੀ ਮਾਮਲਿਆਂ ਦੀ ਪੈਰਵਾਈ ਕਰਨ ਵਾਲੇ ਐਡਵੋਕੇਟ ਜਨਰਲ ਦੇ ਦਫ਼ਤਰ ਵਿੱਚ ਰੱਖੇ ਜਾਣ ਵਾਲੇ ਵੱਖ-ਵੱਖ ਖੇਤਰਾਂ ਦੇ ਮਾਹਿਰ ਵਕੀਲਾਂ ਵਿੱਚ ਵੀ ਰਾਖਵਾਂ ਕਰਨ ਦੀ ਸਹੂਲਤ ਦੇ ਦਿੱਤੀ ਹੈ। ਉਹਨਾਂ ਕਿਹਾ ਕਿ ਅਜਿਹਾ ਪੰਜਾਬ ਵਿੱਚ ਪਹਿਲੀ ਵਾਰ ਕੀਤਾ ਗਿਆ ਹੈ।

ਮੰਤਰੀ ਹਰਭਜਨ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜੋ ਕਿ ਚੋਣਾਂ ਤੋਂ ਪਹਿਲਾਂ ਅਕਸਰ ਪ੍ਰਚਾਰ ਵੇਲੇ ਕਵਿਤਾ "ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ" ਗਾਉਂਦੇ ਹੁੰਦੇ ਸਨ, ਨੇ ਕੁਰਸੀ ਉੱਤੇ ਬੈਠਣ ਵਾਲੇ ਦਿਨ ਤੋਂ ਹੀ ਇਨਾਂ ਪਛੜੇ ਵਰਗਾਂ ਦੀ ਭਲਾਈ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ, ਜਿਸ ਦਾ ਸਿੱਟਾ ਇਹ ਹੋਇਆ ਕਿ ਅਨੁਸੂਚਿਤ ਜਾਤੀ ਵਰਗ ਦੇ ਬੱਚਿਆਂ ਨੂੰ ਮਿਲਣ ਵਾਲੀ ਵਜ਼ੀਫ਼ੇ ਦੀ ਰਾਸ਼ੀ ਬਿਨਾਂ ਕਿਸੇ ਰੋਕ ਟੋਕ ਤੋਂ ਮਿਲਣ ਲੱਗੀ। ਇਸ ਤੋਂ ਇਲਾਵਾ ਹਰੇਕ ਸਰਕਾਰੀ ਨੌਕਰੀ ਵਿੱਚ ਪਿਆ ਭਾਈਚਾਰੇ ਦਾ ਬੈਕਲਾਗ ਪਹਿਲ ਦੇ ਅਧਾਰ ਉੱਤੇ ਭਰਿਆ ਗਿਆ ਹੈ।

# ਬਲਾਕ ਸੰਮਤੀ ਜੋਨ ਥੋਪੀਆ ਤੋਂ ਉਮੀਦਵਾਰ ਜਸਵਿੰਦਰ ਕੌਰ ਨੇ ਕੀਤੀ ਚੋਣ ਮੁਹਿੰਮ ਦੀ ਸੁਰੂਆਤ



ਬਲਾਚੌਰ, 07 ਦਸੰਬਰ - (ਜਤਿੰਦਰ ਪਾਲ ਸਿੰਘ ਕਲੇਰ ) ਪੰਜਾਬ ਵਿੱਚ ਜਿਲਾ ਪਰਿਸ਼ਦ ਤੇ ਬਲਾਕ ਸੰਮਤੀ ਚੋਣਾਂ ਨੂੰ ਲੈ ਕੇ ਅਖਾੜਾ ਭੱਖਦਾ ਹੋਇਆ ਨਜ਼ਰ ਆ ਰਿਹਾ ਹੈ। ਵੱਖ-ਵੱਖ ਪਾਰਟੀਆਂ ਵੱਲੋਂ ਐਲਾਨੇ ਉਮੀਦਵਾਰਾਂ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਹੈ। ਜਿਸ ਦੇ ਤਹਿਤ ਅੱਜ ਹਲਕਾ ਬਲਾਚੌਰ ਦੇ ਪਿੰਡ ਥੋਪੀਆ ਜੋਨ ਤੋਂ ਬਲਾਕ ਸੰਮਤੀ ਦੇ ਉਮੀਦਵਾਰ ਜਸਵਿੰਦਰ ਕੌਰ ਦੇ ਹੱਕ ਵਿੱਚ ਆਮ ਆਦਮੀ ਪਾਰਟੀ ਦੇ ਵਰਕਰਾਂ ਵੱਲੋਂ ਚੋਣ ਮੁਹਿੰਮ ਦਾ ਅੱਜ ਆਗਾਜ਼ ਕੀਤਾ ਗਿਆ। ਇਸ ਚੋਣ ਮੁਹਿੰਮ ਬਲਾਕ ਸੰਮਤੀ ਜੋਨ ਥੋਪੀਆ ਤੋਂ ਉਮੀਦਵਾਰ ਜਸਵਿੰਦਰ ਕੌਰ ਵੱਲੋਂ ਆਪਣੇ ਪਿੰਡ ਤੋਂ ਸ਼ੁਰੂਆਤ ਕੀਤੀ ਗਈ। ਇਸ ਚੋਣ ਮੁਹਿੰਮ ਵਿੱਚ ਆਮ ਆਦਮੀ ਪਾਰਟੀ ਦੇ ਕਈ ਵਰਕਰਾਂ ਨੇ ਹਿੱਸਾ ਲਿਆ। ਇਸ ਮੌਕੇ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆ ਹਲਕਾ ਬਲਾਚੋਰ ਤੋਂ ਮਾਰਕੀਟ ਕਮੇਟੀ ਦੇ ਚੇਅਰਮੈਨ ਸੇਠੀ ਉਧਨਵਾਲ ਨੇ ਕਿਹਾ ਕਿ ਪਾਰਟੀ ਵੱਲੋਂ ਥੋਪੀਆ ਜੋਨ ਤੋਂ ਜਸਵਿੰਦਰ ਕੌਰ ਨੂੰ ਉਮੀਦਵਾਰ ਐਲਾਨਿਆ ਗਿਆ ਹੈ ਜਿਨਾਂ ਦੇ ਹੱਕ ਵਿੱਚ ਅੱਜ ਉਹਨਾਂ ਦੀ ਪਾਰਟੀ ਵੱਲੋਂ ਚੋਣ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ ।ਇਸ ਮੌਕੇ ਤੇ ਉਹਨਾਂ ਨੇ ਬਲਾਕ ਸੰਮਤੀ ਥੋਪੀਆ ਜੋਨ ਦੇ ਅਧੀਨ ਆਉਂਦੇ ਵੱਖ-ਵੱਖ ਪਿੰਡਾਂ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਪਿੰਡਾਂ ਵਿੱਚ ਵਿਕਾਸ ਕਾਰਜਾਂ ਵਿੱਚ ਤੇਜ਼ੀ ਲਿਆਉਣ ਲਈ ਬਲਾਕ ਸੰਮਤੀ ਉਮੀਦਵਾਰ ਜਸਵਿੰਦਰ ਕੌਰ ਨੂੰ 14 ਦਸੰਬਰ ਨੂੰ ਆਪਣੀ ਇੱਕ ਇੱਕ ਕੀਮਤੀ ਵੋਟ ਪਾ ਕੇ ਕਾਮਯਾਬ ਕਰੋਂ। ਉਹਨਾਂ ਨੇ ਕਿਹਾ ਕਿ ਪਾਰਟੀ ਵੱਲੋਂ ਕੀਤੇ ਗਏ ਕੰਮਾਂ ਤੇ ਹੀ ਲੋਕਾਂ ਕੋਲੋਂ ਵੋਟ ਮੰਗੀ ਜਾਵੇਗੀ। ਇਸ ਮੌਕੇ ਤੇ ਗੁੱਜਰ ਵੈਲਫੇਅਰ ਬੋਰਡ ਪੰਜਾਬ ਦੇ ਚੇਅਰਮੈਨ ਬ੍ਰਿਗੇਡੀਅਰ ਰਾਜਕੁਮਾਰ, ਜ਼ਿਲਾ ਮੀਡੀਆ ਇੰਚਾਰਜ ਚੰਦਰ ਮੋਹਨ ਜੇਡੀ , ਹਲਕਾ ਵਾਈਜ਼ ਕੋਆਰਡੀਨੇਟਰ ਵਿਸ਼ਵ ਰਾਜ ਕੌਸ਼ਲ ਬਲਾਚੌਰ, ਐਮ ਸੀ ਅਜੇ ਕੁਮਾਰ ਬਿੱਟੂ, ਰਾਣਾ ਗੁਰਪ੍ਰੀਤ ਸਿੰਘ ਸੈਣੀ, ਹਨੀ ਜੋਗੇਵਾਲ, ਡਾਕਟਰ ਵਾਸਦੇਵ ਭੂੰਬਲਾ, ਬੁੱਟਾ ਉਧਨਵਾਲ ਆਦਿ ਹਾਜ਼ਰ ਸਨ।

# ਪਲਾਸਟਿਕ ਥੈਲੇ ਨੂੰ ਕਰੋ ਨਾਂਹ, ਕੱਪੜੇ ਦੇ ਥੈਲੇ ਨੂੰ ਕਰੋ ਹਾਂ —ਮੇਅਰ ਕੁੰਦਨ ਗੋਗੀਆ

ਪਟਿਆਲਾ, 07 ਦਸੰਬਰ ( ) ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਵੱਲੋਂ ਅੱਜ ਨਹਿਰੂ ਪਾਰਕ ਵਿੱਚ ਹੋਏ ਵਿਸ਼ੇਸ਼ ਸਫਾਈ ਅਭਿਆਨ ਦੌਰਾਨ ਪਲਾਸਟਿਕ ਥੈਲੇ ਨੂੰ ਕਰੋ ਨਾਂਹ, ਕੱਪੜੇ ਦੇ ਥੈਲੇ ਨੂੰ ਕਰੋ ਹਾਂ ਦੀ ਅਪੀਲ ਕੀਤੀ ਗਈ। ਦੱਸਣਯੋਗ ਹੈ ਕਿ ਸ਼ਾਹੀ ਸ਼ਹਿਰ ਪਟਿਆਲਾ ਦੀ ਪ੍ਰਸਿੱਧ ਸਮਾਜ ਸੇਵੀ ਸੰਸਥਾ ਗਿਆਨ ਜਯੋਤੀ ਐਜੂਕੇਸ਼ਨ ਸੋਸਾਇਟੀ ਵੱਲੋਂ ਕਾਫ਼ੀ ਸਮੇਂ ਤੋਂ ਚਲ ਰਹੀ ਪਲਾਸਟਿਕ ਮੁਕਤ ਮੁਹਿੰਮ ਤਹਿਤ ਇਹ ਪ੍ਰੋਗਰਾਮ ਆਯੋਜਿਤ ਕੀਤਾ ਗਿਆ ।ਇਸ ਸਫਾਈ ਮੁਹਿੰਮ ਦੀ ਅਗਵਾਈ ਸੋਸਾਇਟੀ ਦੇ ਪ੍ਰਧਾਨ ਉਪਕਾਰ ਸਿੰਘ ਨੇ ਕੀਤੀ। ਉਨ੍ਹਾਂ ਦੀ ਅਗਵਾਈ ਵਿੱਚ ਵਾਲੰਟੀਅਰਾਂ ਨੇ ਨਹਿਰੂ ਪਾਰਕ ਦੀਆਂ ਵੱਖ-ਵੱਖ ਥਾਵਾਂ ਤੋਂ ਕੂੜਾ, ਪਲਾਸਟਿਕ ਦੀਆਂ ਬੋਤਲਾਂ, ਰੈਪਰ ਆਦਿ ਇਕੱਠਾ ਕਰਕੇ ਸਫ਼ਾਈ ਕੀਤੀ। ਉਨ੍ਹਾਂ ਦਾ ਕਹਿਣਾ ਸੀ ਕਿ ਇਹ ਸਿਰਫ਼ ਇੱਕ ਸਫਾਈ ਮੁਹਿੰਮ ਨਹੀਂ, ਸਗੋਂ ਵਾਤਾਵਰਨ ਪ੍ਰਤੀ ਜਾਗਰੂਕਤਾ ਦਾ ਸੁਨੇਹਾ ਪਹੁੰਚਾਉਣ ਦਾ ਉਦੇਸ਼ ਹੈ।

ਮੇਅਰ ਕੁੰਦਨ ਗੋਗੀਆ ਨੇ ਇਕੱਠ ਹੋਈ ਜਨਤਾ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਲਾਸਟਿਕ ਦੀ ਵਰਤੋਂ ਅੱਜ ਵਾਤਾਵਰਣ ਲਈ ਵੱਡਾ ਖ਼ਤਰਾ ਬਣ ਚੁੱਕੀ ਹੈ। ਇਸ ਨਾਲ ਮਿੱਟੀ, ਪਾਣੀ ਅਤੇ ਹਵਾ ਸਭ ਪ੍ਰਦੂਸ਼ਿਤ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਪਹਿਲਾਂ ਲੋਕ ਘਰ ਵਿੱਚ ਹੀ ਕੱਪੜੇ ਦੇ ਥੈਲੇ ਬਣਾਕੇ ਵਰਤਦੇ ਸਨ, ਜੋ ਕਿ ਵਾਤਵਰਣ ਲਈ ਇਕ ਸਹੀ ਕਦਮ ਸੀ। ਸਾਨੂੰ ਉਹੀ ਪਰੰਪਰਾ ਦੁਬਾਰਾ ਜੀਵਤ ਕਰਨੀ ਚਾਹੀਦੀ ਹੈ। ਇਸ ਮੌਕੇ ਉਨ੍ਹਾਂ ਨੇ ਕਪੜੇ ਦੇ ਥੈਲੇ ਵੀ ਵੰਡੇ ਅਤੇ ਜਨਤਾ ਨੂੰ ਇਸ ਦੀ ਵਰਤੋ ਕਰਨ ਲਈ ਪ੍ਰੇਰਿਤ ਕੀਤਾ।

ਸੋਸਾਇਟੀ ਪ੍ਰਧਾਨ ਉਪਕਾਰ ਸਿੰਘ ਨੇ ਕਿਹਾ ਕਿ ਪੂਰਾ ਵਿਸ਼ਵ ਅੱਜ ਵਾਤਾਵਰਣ ਪ੍ਰਦੂਸ਼ਣ ਦਾ ਸਾਹਮਣਾ ਕਰ ਰਿਹਾ ਹੈ ਅਤੇ ਇਸ ਲਈ ਮਨੁੱਖਤਾ ਆਪ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਨਵੀਂ ਜਨਰੇਸ਼ਨ ਨੂੰ ਅੱਗੇ ਆ ਕੇ ਪਲਾਸਟਿਕ ਰਹਿਤ ਸਮਾਜ ਬਣਾਉਣ ਵਿੱਚ ਸਹਿਯੋਗ ਦੇਣਾ ਚਾਹੀਦਾ ਹੈ। ਜੇ ਅਸੀਂ ਅੱਜ ਕਦਮ ਨਹੀਂ ਚੁੱਕਾਂਗੇ, ਤਾਂ ਭਵਿੱਖ ਗੰਭੀਰ ਖਤਰੇ ਵਿਚ ਹੋਵੇਗਾ।

ਇਸ ਮੌਕੇ ਪਾਰਕ ਵਿਚ ਸੈਰ ਕਰਨ ਆਏ ਲੋਕਾਂ ਨਾਲ ਸੋਸਾਇਟੀ ਦੇ ਮੈਂਬਰਾਂ ਨੇ ਗੱਲਬਾਤ ਕੀਤੀ ਅਤੇ ਪਲਾਸਟਿਕ ਤੋਂ ਹੋਣ ਵਾਲੇ ਨੁਕਸਾਨ ਬਾਰੇ ਜਾਗਰੂਕਤਾ ਫੈਲਾਈ। ਮੌਜੂਦ ਲੋਕਾਂ ਨੇ ਇਸ ਯਤਨ ਦੀ ਖੁੱਲ੍ਹ ਕੇ ਸਿਰਾਹਣਾ ਕੀਤੀ ਅਤੇ ਕਿਹਾ ਕਿ ਇਸ ਤਰ੍ਹਾਂ ਦੀਆਂ ਮੁਹਿੰਮਾਂ ਸਿਰਫ਼ ਪਟਿਆਲਾ ਹੀ ਨਹੀਂ ਸਗੋਂ ਪੂਰੇ ਪੰਜਾਬ ਵਿੱਚ ਚਲਾਈਆਂ ਜਾਣੀਆਂ ਚਾਹੀਦੀਆਂ ਹਨ।

ਅੰਤ ਵਿੱਚ ਮੇਅਰ ਨੇ ਅਪੀਲ ਕੀਤੀ ਆਓ ਸਾਰੇ ਰੱਲ ਕੇ ਮੁਹਿੰਮ ਚਲਾਈਏ, ਪਲਾਸਟਿਕ ਮੁਕਤ ਪਟਿਆਲਾ ਬਣਾਈਏ। ਇਸ ਮੌਕੇ ਮੇਅਰ ਕੁੰਦਨ ਗੋਗੀਆ ਤੋ ਇਲਾਵਾ ਸੁਸਾਇਟੀ ਦੇ ਪ੍ਰਧਾਨ ਉਪਕਾਰ ਸਿੰਘ ਅਤੇ ਹੋਰ ਸੁਸਾਇਟੀ ਮੈਂਬਰ ਮੌਜੂਦ ਰਹੇ।

ਇਸ ਮੌਕੇ ‘ਤੇ ਕਲੱਬ ਦੇ ਹੋਰ ਮੈਂਬਰ ਮਨਵ ਬਾਂਸਲ, ਐਮ.ਜੇ.ਐਫ਼. ਗੌਰਵ ਅਗਰਵਾਲ, ਐਡਵੋਕੇਟ ਵਿਕਾਸ ਸ਼ਰਮਾ, ਐਡਵੋਕੇਟ ਨਵਦੀਪ ਢਿੱਲੋਂ, ਯੋਗਿੰਦਰ ਗੋਯਲ, ਅਜੈ ਸਿੰਗਲਾ, ਹੁਸਨਦੀਪ ਬਾਂਸਲ, ਪਰਿਕਸ਼ਿਤ ਗਰਗ, ਜੋਲੀ ਬਾਂਸਲ, ਰਾਕੇਸ਼ ਗਰਗ, ਰਾਜੇਸ਼ ਬਾਂਸਲ ਸਮੇਤ ਹੋਰ ਮੈਂਬਰ ਮੌਜੂਦ ਰਹੇ।

ਲਾਇੰਜ਼ ਕਲੱਬ ਸਮਾਨਾ ਗੋਲਡ ਨੇ ਭਰੋਸਾ ਦਿਵਾਇਆ ਕਿ ਆਉਣ ਵਾਲੇ ਸਮੇਂ ਵਿੱਚ ਵੀ ਸਮਾਜ ਹਿਤ ਵਿੱਚ ਇਸੇ ਤਰ੍ਹਾਂ ਦੇ ਪ੍ਰੋਜੈਕਟ ਜਾਰੀ ਰਹਿਣਗੇ।

# ਵਿਸ਼ਵ ਮਿੱਟੀ ਦਿਵਸ ਮੌਕੇ ਸ਼੍ਰੀ ਕ੍ਰਿਸ਼ਣਾ ਯੂਥ ਕਲੱਬ ਵੱਲੋਂ ਸਰਕਾਰੀ ਸਕੂਲ ਪੁੰਨੂ ਮਜਾਰਾ ਵਿਖੇ ਜਾਗਰੂਕਤਾ ਪ੍ਰੋਗਰਾਮ ਕਰਵਾਇਆ , ਵਿਦਿਆਰਥੀਆਂ ਨੇ ਲਿਆ ਮਿੱਟੀ ਸੰਭਾਲ ਦਾ ਪ੍ਰਣ

## ਐਸ.ਡੀ.ਜੀ. ਗੋਲਜ ਦੀ ਰੌਸ਼ਨੀ ਵਿੱਚ ਮਿੱਟੀ ਸੰਰੱਖਣ ਦਾ ਦੱਸਿਆ ਮਹੱਤਵ — ਅੰਕੁਸ਼ ਨਿਝਾਵਨ ਵੱਲੋਂ ਵਿਦਿਆਰਥੀਆਂ ਨੂੰ ਕੀਤਾ ਗਿਆ ਜਾਗਰੁਕ

## ਸਿਹਤਮੰਦ ਮਿੱਟੀ ਹੀ ਬਣਾਉਂਦੀ ਹੈ ਸਥਾਈ ਭਵਿੱਖ : ਅੰਕੁਸ਼ ਨਿਝਾਵਨ




ਨਵਾਸ਼ਹਿਰ 7 ਦਸੰਬਰ (ਜਤਿੰਦਰ ਪਾਲ ਸਿੰਘ ਕਲੇਰ )

ਵਿਸ਼ਵ ਮਿੱਟੀ ਦਿਵਸ ਦੇ ਮੌਕੇ ਸ਼੍ਰੀ ਕ੍ਰਿਸ਼ਣਾ ਯੂਥ ਕਲੱਬ ਵੱਲੋਂ ਸਰਕਾਰੀ ਸਕੂਲ ਪੁੰਨੂ ਮਜਾਰਾ ਵਿੱਚ ਇਕ ਜਾਗਰੁਕਤਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਮਿੱਟੀ ਦੀ ਮਹੱਤਤਾ, ਮਿੱਟੀ ਦੀ ਸਿਹਤ ਅਤੇ ਭਵਿੱਖ ਦੀ ਖੁਰਾਕ ਸੁਰੱਖਿਆ ਨਾਲ ਜੁੜੇ ਪਹਿਲੂਆਂ ਬਾਰੇ ਜਾਗਰੁਕ ਕਰਨਾ ਸੀ। ਇਸ ਸਾਲ ਦੀ ਥੀਮ “ਸਿਹਤਮੰਦ ਮਿੱਟੀ, ਸਿਹਤਮੰਦ ਸ਼ਹਿਰ” ਨੂੰ ਧਿਆਨ ਵਿੱਚ ਰੱਖਦੇ ਹੋਏ ਚਰਚਾ ਕੀਤੀ ਗਈ।

ਮੁੱਖ ਵਕਤਾ ਅੰਕੁਸ਼ ਨਿਝਾਵਨ ਨੇ ਆਪਣੇ ਸੰਬੋਧਨ ਦੌਰਾਨ ਦੱਸਿਆ ਕਿ ਸਾਡੀ ਥਾਲੀ ਦਾ ਲਗਭਗ 95% ਭੋਜਨ ਮਿੱਟੀ 'ਤੇ ਹੀ ਨਿਰਭਰ ਕਰਦਾ ਹੈ। ਉਨ੍ਹਾਂ ਨੇ ਇਹ ਵੀ ਸਮਝਾਇਆ ਕਿ ਮਿੱਟੀ ਸਿਰਫ ਧਰਤੀ ਦੀ ਪਰਤ ਨਹੀਂ, ਸਗੋਂ ਕਰੋੜਾਂ ਜੀਵਾਂ ਦਾ ਘਰ , ਪਾਣੀ ਦਾ ਕੁਦਰਤੀ ਛਾਣਣ ਤੰਤਰ ਅਤੇ ਜੀਵਨ ਦਾ ਅਸਲ ਅਧਾਰ ਹੈ।

ਉਨ੍ਹਾਂ ਨੇ ਚੇਤਾਵਨੀ ਦਿੱਤੀ ਕਿ ਰਸਾਇਣਿਕ ਖਾਦਾਂ ਦੀ ਬੇਤਹਾਸਾ ਵਰਤੋਂ, ਪਲਾਸਟਿਕ ਪ੍ਰਦੂਸ਼ਣ, ਮਿੱਟੀ ਕਟਾਅ, ਜਲਵਾਯੂ ਪਰਿਵਰਤਨ ਅਤੇ ਜੰਗਲਾਂ ਦੀ ਕਟਾਈ ਕਾਰਨ ਮਿੱਟੀ ਦੀ ਉਰਵਰਤਾ ਤੇਜ਼ੀ ਨਾਲ ਘਟ ਰਹੀ ਹੈ, ਜਿਸ ’ਤੇ ਤੁਰੰਤ ਧਿਆਨ ਦੇਣ ਦੀ ਲੋੜ ਹੈ।

ਅੰਕੁਸ਼ ਨਿਝਾਵਨ ਨੇ ਮਿੱਟੀ ਸੰਰੱਖਣ ਨੂੰ ਸੰਯੁਕਤ ਰਾਸ਼ਟਰ ਦੇ ਐਸ.ਡੀ.ਜੀ. ਲਕਸ਼ਾਂ ਨਾਲ ਜੋੜਦੇ ਹੋਏ ਦੱਸਿਆ ਕਿ ਸਿਹਤਮੰਦ ਮਿੱਟੀ ਐਸ ਡੀ ਜੀ -2 (ਜੀਰੋ ਹੰਗਰ), ਐਸ ਡੀ ਜੀ -3 (ਗੁਡ ਹੈਲਥ ਅਤੇ ਵੈਲ ਬੀਇੰਗ), ਐਸ ਡੀ ਜੀ-6 (ਕਲੀਨ ਵਾਟਰ ਅਤੇ ਸੈਨੀਟੇਸ਼ਨ), ਐਸ ਡੀ ਜੀ-12 (ਰਿਸਪੌਂਸਿਬਲ ਕੰਜਪਸ਼ਨ ਅਤੇ ਪ੍ਰੋਡਕਸ਼ਨ) ਐਸ ਡੀ ਜੀ-13 (ਕਲਾਈਮੇਟ ਐਕਸ਼ਨ) ਅਤੇ ਐਸ ਡੀ ਜੀ-15 (ਲਾਈਫ ਓਨ ਲੈਂਡ) ਨੂੰ ਸਿੱਧਾ ਪ੍ਰਭਾਵਿਤ ਕਰਦੀ ਹੈ। ਉਨ੍ਹਾਂ ਨੇ ਕਿਹਾ ਕਿ ਟਿਕਾਊ ਭਵਿੱਖ ਦੀ ਨੀਂਹ ਸਿਰਫ ਸਿਹਤਮੰਦ ਮਿੱਟੀ ਨਾਲ ਹੀ ਰੱਖੀ ਜਾ ਸਕਦੀ ਹੈ। ਪ੍ਰੋਗਰਾਮ ਦੇ ਅੰਤ ਵਿੱਚ ਵਿਦਿਆਰਥੀਆਂ ਨੂੰ ਮਿੱਟੀ ਸੰਭਾਲ ਅਤੇ ਵਾਤਾਵਰਣ ਰੱਖਿਆ ਦੀ ਸ਼ਪਥ ਦਿਵਾਈ ਗਈ। ਸਕੂਲ ਇੰਚਾਰਜ ਗੁਰਤਰਨਜੀਤ ਕੌਰ ਨੇ ਇਸ ਮੁਹਿੰਮ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਬੱਚਿਆਂ ਵਿੱਚ ਕੁਦਰਤ ਪ੍ਰਤੀ ਜ਼ਿੰਮੇਵਾਰੀ, ਜਾਗਰੂਕਤਾ ਅਤੇ ਸੰਵੇਦਨਸ਼ੀਲਤਾ ਪੈਦਾ ਕਰਨ ਵਿੱਚ ਮੀਲ ਦੇ ਪੱਥਰ ਦਾ ਕੰਮ ਕਰਦੇ ਹਨ ।ਇਸ ਮੌਕੇ ਕਲੱਬ ਦੇ ਮੈਂਬਰ ਕੁਲਵਿੰਦਰ ਸਿੰਘ, ਸਕੂਲ ਇੰਚਾਰਜ ਗੁਰਤਰਨਜੀਤ ਕੌਰ, ਸੁਸ਼ੀਲ ਕੁਮਾਰ ਅਤੇ ਮੈਡਮ ਰਿਚਾ ਵੀ ਹਾਜ਼ਰ ਰਹੇ।

# ਦੋਆਬਾ ਸਾਹਿਤ ਅਤੇ ਸਮਾਜਿਕ ਕੇਂਦਰ ਨੇ ਡਾ. ਅੰਬੇਡਕਰ ਨੂੰ ਪ੍ਰੀ-ਨਿਰਵਾਨ ਦਿਵਸ ਮੌਕੇ ਦਿੱਤੀ ਨਿੱਘੀ ਸ਼ਰਧਾਂਜਲੀ




ਫਗਵਾੜਾ 7 ਦਸੰਬਰ (ਸ਼ਿਵ ਕੋੜਾ) ਉਸਾਰੂ ਸਾਹਿਤ ਅਤੇ ਸਾਫ ਸੁਥਰੇ ਸਮਾਜ ਲਈ ਕਾਰਜਸ਼ੀਲ ਸੰਸਥਾ ਦੋਆਬਾ ਸਾਹਿਤ ਅਤੇ ਸਮਾਜਿਕ ਕੇਂਦਰ ਫਗਵਾੜਾ ਵਲੋਂ ਭਾਰਤੀ ਸੰਵਿਧਾਨ ਦੇ ਨਿਰਮਾਤਾ ਅਤੇ ਦੇਸ਼ ਦੇ ਪਹਿਲੇ ਕਾਨੂੰਨ ਮੰਤਰੀ ਡਾ. ਬੀ.ਆਰ. ਅੰਬੇਡਕਰ ਨੂੰ ਉਹਨਾਂ ਦੇ ਪ੍ਰੀ-ਨਿਰਵਾਨ ਦਿਵਸ ਮੌਕੇ ਨਿੱਘੀ ਸ਼ਰਧਾਂਜਲੀ ਦਿੱਤੀ ਗਈ। ਕੇਂਦਰ ਦੇ ਪ੍ਰਧਾਨ ਰਵਿੰਦਰ ਸਿੰਘ ਰਾਏ ਅਤੇ ਪੀ.ਆਰ.ਓ. ਓਮ ਪ੍ਰਕਾਸ਼ ਪਾਲ ਤੋਂ ਇਲਾਵਾ ਗੁਰਨਾਮ ਸਿੰਘ ਸੈਣੀ ਨੇ ਡਾ. ਅੰਬੇਡਕਰ ਦੀ ਤਸਵੀਰ ‘ਤੇ ਫੁੱਲਮਾਲਾਵਾਂ ਭੇਂਟ ਕਰਦਿਆਂ ਕਿਹਾ ਕਿ ਡਾ. ਅੰਬੇਡਕਰ ਦਾ ਸਾਰਾ ਜੀਵਨ ਕਠਿਨ ਸੰਘਰਸ਼ਾਂ ਨਾਲ ਜੂਝਦਿਆਂ ਵਤੀਤ ਹੋਇਆ ਜੋ ਕਿ ਅਜੋਕੀ ਨੌਜਵਾਨ ਪੀੜ੍ਹੀ ਦੇ ਲਈ ਪ੍ਰੇਰਣਾ ਦਾ ਸਰੋਤ ਹੈ। ਪ੍ਰਧਾਨ ਰਵਿੰਦਰ ਸਿੰਘ ਰਾਏ ਨੇ ਡਾ. ਅੰਬੇਡਕਰ ਦੇ ਜੀਵਨ ਬਾਰੇ ਚਾਨਣਾ ਪਾਉਂਦੇ ਹੋਏ ਦੱਸਿਆ ਕਿ ਉਹਨਾਂ ਦਾ ਜਨਮ 14 ਅਪ੍ਰੈਲ 1891 ਨੂੰ ਮੱਧ ਪ੍ਰਦੇਸ਼ ਦੇ ਰਤਨਾਗਿਰੀ ਜਿਲ੍ਹੇ ਵਿੱਚ ਹੋਇਆ। ਉਹਨਾਂ ਨੇ ਭਾਰਤ ਦੇ ਵਿਲੱਖਣ ਸੰਵਿਧਾਨ ਦੀ ਰਚਨਾ 2 ਸਾਲ 11 ਮਹੀਨੇ 18 ਦਿਨ ਵਿੱਚ ਕਰਕੇ ਇੱਕ ਮਿਸਾਲ ਪੇਸ਼ ਕੀਤੀ। ਇਸ ਮੌਕੇ ਕੇਂਦਰ ਦੇ ਜਨਰਲ ਸਕੱਤਰ ਕਰਮਵੀਰ ਪਾਲ ਹੈਂਪੀ, ਡਾ. ਸਾਗਰ ਸਿੰਘ ਡਾਇਰੈਕਟਰ ਹੈੱਲਥ, ਲਵਪ੍ਰੀਤ ਸਿੰਘ ਰਾਏ, ਖੁਸ਼ਪ੍ਰੀਤ ਕੌਰ ਰਾਏ, ਡਾ. ਐਸ.ਪੀ. ਮਾਨ ਆਦਿ ਹਾਜਰ ਸਨ।

# ਅੰਤਰ-ਵਰਸਿਟੀ ਯੁਵਕ ਮੇਲੇ ਵਿੱਚ ਪਟੇਲ ਕਾਲਜ ਨੇ ਮਾਰੀਆਂ ਮੱਲਾਂ

ਰਾਜਪੁਰਾ,07 ਦਸੰਬਰ (ਹਿਮਾਂਸ਼ੂ ਹੈਰੀ): ਸਥਾਨਕ ਪਟੇਲ ਮੈਮੋਰੀਅਲ ਨੈਸ਼ਨਲ ਕਾਲਜ ਦੀ ਬੀ.ਏ. ਭਾਗ ਪਹਿਲਾ ਦੀ ਵਿਦਿਆਰਥਣ ਵਰਸ਼ਾ ਵਰਮਾ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਖ਼ੇ ਹੋਏ ਪੰਜਾਬ ਰਾਜ ਅੰਤਰ-ਵਰਸਿਟੀ ਯੁਵਕ ਮੇਲਾ 2025 ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਨੁਮਾਇੰਦਗੀ ਕਰਦੇ ਹੋਏ ਯੁਵਕ ਮੇਲੇ ਵਿੱਚ ਭਾਗ ਲੈ ਰਹੀਆਂ ਪੰਜਾਬ ਦੀਆਂ ਕੁੱਲ 21 ਯੂਨੀਵਰਸਿਟੀਆਂ ਵਿੱਚੋਂ ਮਿੱਟੀ ਦੇ ਖਿਡੌਣੇ ਆਈਟਮ ਵਿੱਚ ਦੂਜਾ ਸਥਾਨ ਲੈ ਕੇ ਪਟੇਲ ਕਾਲਜ ਦਾ ਨਾਮ ਪੂਰੇ ਪੰਜਾਬ ਵਿੱਚ ਚਮਕਾਇਆ ਹੈ। ਇਸ ਮੌਕੇ ਕਾਲਜ ਮੈਨੇਜਮੈਂਟ ਪ੍ਰਧਾਨ ਦੇਵਕੀ ਨੰਦਨ, ਉਪ-ਪ੍ਰਧਾਨ ਹਰਪ੍ਰੀਤ ਸਿੰਘ ਦੂਆ, ਜਨਰਲ ਸਕੱਤਰ ਅਮਨਜੋਤ ਸਿੰਘ, ਵਿੱਤ ਸਕੱਤਰ ਰਿਤੇਸ਼ ਬਾਂਸਲ ਅਤੇ ਸਕੱਤਰ ਵਿਜੇ ਆਰਿਆ ਜੀ ਨੇ ਇਸ ਉਪਲੱਬਧੀ ਲਈ ਵਿਦਿਆਰਥਣ ਵਰਸ਼ਾ ਵਰਮਾ ਅਤੇ ਕੋਚ ਸਿਮਰਨਜੀਤ ਸਿੰਘ ਨੂੰ ਸਨਮਾਨਿਤ ਕੀਤਾ। ਇਸ ਮੌਕੇ ਤੇ ਮੈਨੇਜਮੈਂਟ ਕਮੇਟੀ ਨੇ ਡਾ.ਚੰਦਰ ਪ੍ਰਕਾਸ਼ ਅਤੇ ਕਾਲਜ ਸਟਾਫ਼ ਨੂੰ ਇਸ ਉਪਲੱਬਧੀ ਲਈ ਵਧਾਈਆਂ ਵੀ ਦਿੱਤੀਆਂ। ਇਸ ਮੌਕੇ ਡਾ. ਚੰਦਰ ਪ੍ਰਕਾਸ਼ ਨੇ ਕਿਹਾ ਕਿ ਇਹ ਯੁਵਕ ਮੇਲੇ ਪੰਜਾਬੀ ਸੱਭਿਆਚਾਰ ਅਤੇ ਲੋਕ ਕਲਾਵਾਂ ਨੂੰ ਪ੍ਰਫੁੱਲਿਤ ਕਰਨ ਵਿੱਚ ਅਣਮੁੱਲਾ



ਯੋਗਦਾਨ ਪਾਉਂਦੇ ਹਨ। ਇਸ ਮੌਕੇ ਕਾਮਰਸ ਵਿਭਾਗ ਦੇ ਮੁੱਖੀ ਲੈਫਟੀਨੈਂਟ ਡਾ.ਜੈਦੀਪ ਸਿੰਘ, ਰਜਿਸਟਰਾਰ ਡਾ.ਸ਼ੇਰ ਸਿੰਘ, ਬਰਸਰ ਡਾ.ਵੰਦਨਾ ਗੁਪਤਾ, ਕੋ-ਆਰਡੀਨੇਟਰ ਡਾ.ਗੁਰਪ੍ਰੀਤ ਸਿੰਘ, ਡਾ.ਤਰਨਜੀਤ ਸਿੰਘ, ਸੁਪਰਡੈਂਟ ਵਿਜੇ ਅਤੇ ਮਨਦੀਪ ਸਿੱਧੂ ਹਾਜ਼ਰ ਸਨ।


# ਸਰਕਾਰੀ ਹਾਈ ਸਕੂਲ ਅਮਲੋਹ ਰੋਡ ਖੰਨਾਂ ਦੇ ਵਿਦਿਆਰਥੀਆਂ ਨੇ ਜ਼ਿਲ੍ਹਾ ਪੱਧਰੀ ਮੁਕਾਬਲੇ ਵਿੱਚ ਹਾਸਿਲ ਕੀਤਾ ਤੀਜਾ ਸਥਾਨ



ਖੰਨਾਂ ,7 ਦਸੰਬਰ ( ਅਰਵਿੰਦਰ ਸਿੰਘ ਸਵੈਚ, ਗੀਤਾ ਰਾਣੀ)ਰਘਵੀਰ ਸਿੰਘ ਫਰੀਡਮ ਫਾਈਟਰ ਪੀਐੱਮ ਸ੍ਰੀ ਸਰਕਾਰੀ ਹਾਈ ਸਕੂਲ ਅਮਲੋਹ ਰੋਡ ਖੰਨਾਂ ਦੇ ਵਿਦਿਆਰਥੀ ਅਤਿੰਦਰਜੀਤ ਸਿੰਘ ਪੁੱਤਰ ਮੋਹਿੰਦਰ ਸਿੰਘ ਨੇ ਵੀਰ ਬਾਲ ਦਿਵਸ ਦੇ ਜ਼ਿਲਾ ਪੱਧਰੀ ਪੋਸਟਰ ਮੇਕਿੰਗ ਮੁਕਾਬਲੇ ਜੋ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਾਖਾ ਵਿਖੇ ਕਰਵਾਏ ਗਏ ਸਨ,ਵਿੱਚ ਆਪਣੀ ਪ੍ਰਤਿਭਾ ਦਿਖਾਉਂਦੇ ਹੋਏ ਜ਼ਿਲੇ ਵਿੱਚੋਂ ਤੀਸਰਾ ਸਥਾਨ ਹਾਸਿਲ ਕੀਤਾ ਹੈ।ਇਸ ਵਿਿਦਆਰਥੀ ਦਾ ਸਕੂਲ ਵਿਖੇ ਪਹੁੰਚਣ ਉੱਤੇ ਬਲਾਕ ਨੋਡਲ ਅਫਸਰ ਖੰਨਾਂ 1 ਵਿਸ਼ਾਲ ਵਸ਼ਿਸਟ ਅਤੇ ਸਕੂਲ ਹੈੱਡਮਾਸਟਰ ਬਲਵਿੰਦਰ ਸਿੰਘ ਵੱਲੋਂ ਸਵਾਗਤ ਕੀਤਾ ਗਿਆ ਅਤੇ ਪ੍ਰਸ਼ੰਸ਼ਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।ਸਕੂਲ ਹੈੱਡਮਾਸਟਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਇਸ ਵਿਦਿਆਰਥੀ ਦੀ ਤਿਆਰੀ ਸਕੂਲ ਦੇ ਪੰਜਾਬੀ ਮਾਸਟਰ ਅਮਰਿੰਦਰ ਸਿੰਘ ਅਤੇ ਮੋਹਿੰਦਰ ਸਿੰਘ ਵੱਲੋਂ ਕਰਵਾਈ ਗਈ ਸੀ। ਇਸ ਮੌਕੇ ਸਕੂਲ ਦੇ ਸਮੂਹ ਸਟਾਫ ਮੈਂਬਰ ਅਤੇ ਵਿਦਿਆਰਥੀ ਹਾਜਰ ਸਨ।

# ਨਹਿਰੀ ਖਾਲ ਵਿਭਾਗ ਦੇ ਰਿਕਾਰਡ ਵਿਚੋਂ ਗਾਇਬ ਹੋਣ ਕਾਰਣ ਕਿਸਾਨਾਂ ਵਿਚ ਆਪਸੀ ਝਗੜਾ ਹੋਣ ਦਾ ਡਰ:

ਰਈਆ /7/ਦਸੰਬਰ /ਬਲਵਿੰਦਰ ਸਿੰਘ ਸੰਧੂ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਆਉਣ ਵਾਲੇ ਸਮੇਂ ਵਿੱਚ ਪਾਣੀ ਦੇ ਸੰਕਟ ਤੋਂ ਬਚਾਉਣ ਲਈ ਨਹਿਰੀ ਸੂਏ ਅਤੇ ਖਾਲ੍ਹ ਪੱਕੇ ਕਰਵਾ ਕੇ ਨਹਿਰੀ ਖਾਲੇ ਜੋ ਕਿ ਕਿਸਾਨਾਂ ਨੇ ਆਪਣੇ ਖੇਤਾਂ ਵਿਚ ਮਿਲਾ ਲਏ ਸਨ। ਨਵੇਂ ਸਿਰੇ ਤੋਂ ਨਿਸ਼ਾਨ ਦੇਹੀ ਕਰਵਾ ਕੇ ਸੀਮੈਂਟ ਦੇ ਪੋਰੇ ਪੁਵਾਏ ਜਾ ਰਹੇ ਹਨ। ਪਰ ਇਸ ਵਿੱਚ ਕੁਝ ਕਿਸਾਨਾਂ ਵੱਲੋਂ ਪੂਰਾ ਸਹਿਯੋਗ ਨਹੀਂ ਦਿਤਾ ਜਾ ਰਿਹਾ ਸਗੋਂ ਮਾਲ ਵਿਭਾਗ ਦੇ ਰਿਕਾਰਡ ਵਿੱਚ ਦਰਜ ਨਾ ਹੋਣ ਦਾ ਬਹਾਨੇ ਦੀ ਆੜ ਨਾਲ ਕੰਮ ਵਿਚ ਰੁਕਾਵਟ ਖੜੀ ਕੀਤੀ ਜਾ ਰਹੀ ਹੈ। ਕਿਉਂਕਿ ਉਹ ਵਿਭਾਗ ਦੀ ਜ਼ਮੀਨ ਵਾਹੁਣ ਦੇ ਲਾਭ ਲੈਣ ਦੇ ਆਦੀ ਹੋ ਚੁੱਕੇ ਹਨ। ਜਦ ਕਿ ਮਾਲ ਵਿਭਾਗ ਦੇ ਰਿਕਾਰਡ ਵਿੱਚ ਵੀ ਵੱਡੀ ਨਕਾਮੀ ਸਾਹਮਣੇ ਆ ਰਹੀ ਹੈ। ਜਿਸ ਦੀ ਮਿਸਾਲ ਪਿੰਡ ਮੁਛੱਲ ਦੇ ਨਹਿਰੀ ਸੂਏ ਦੀਆਂ ਟੇਲਾਂ ਤੋਂ ਅੱਗੇ ਜਾ ਰਹੇ ਪਿੰਡ ਧੂਲਕਾ ਅਤੇ ਮੁਛੱਲ ਦੇ ਨਹਿਰੀ ਖਾਲ ਹੀ ਨਕਸ਼ੇ ਵਿਚੋਂ ਗਾਇਬ ਹੋਣ ਕਾਰਣ ਕਿਸਾਨਾਂ ਵਿਚ ਲੜਾਈਆਂ ਝਗੜਿਆ ਦਾ ਮੁਖ ਕਾਰਣ ਬਣ ਰਹੇ ਹਨ। ਪਿੰਡ ਧੂਲਕਾ ਅਤੇ ਬਾਣੀਆਂ,ਮਦੇਪੁਰ ਨੂੰ ਜਾਣ ਵਾਲੇ ਨਹਿਰੀ ਖਾਲ ਨੂੰ ਪੱਕਿਆਂ ਕਰਨ ਲਈ ਜਮੀਨਦੋਜ ਪੋਰੇ ਪਾਉਣ ਲਈ ਨਹਿਰੀ ਅਤੇ ਮਾਲ ਵਿਭਾਗ ਵਿਭਾਗ ਦੇ ਕਰਮਚਾਰੀ/ਅਧਿਕਾਰੀ ਪਹੁੰਚੇ ਹੋਏ ਸਨ । ਤਾਂ ਸੂਏ ਦੀਆਂ ਟੇਲਾਂ ਤੋਂ ਸ਼ੁਰੂ ਹੋਣ ਵਾਲਾ ਨਹਿਰੀ ਖਾਲ ਮਾਲ ਅਤੇ ਨਹਿਰੀ ਵਿਭਾਗ ਦੇ ਨਕਸ਼ੇ ਵਿਚੋਂ ਗਾਇਬ ਸੀ । ਜਿਸ ਕਾਰਣ ਕਿਸਾਨ ਹਰਜਿੰਦਰ ਸਿੰਘ ਨੇ ਆਪਣੇ ਖੇਤਾਂ ਵਿਚੋਂ ਪੋਰੇ ਪਾਉਣ ਦਾ ਕੰਮ ਰੋਕ ਦਿਤਾ ।ਅਗਲੇ ਕਿਸਾਨਾਂ ਨੇ ਵੀ ਇਹ ਕਹਿ ਕੇ ਕੰਮ ਰੋਕ ਦਿਤਾ ਗਿਆ ।ਕਿ ਪਹਿਲਾਂ ਸ਼ੁਰੂ ਵਾਲੇ ਖਾਲ ਪਵਾਏ ਜਾਣ ਤਾਂ ਹੀ ਅਸੀਂ ਅਗਲਾ ਕੰਮ ਕਰਨ ਦਿਆਂਗੇ ਪਿੰਡ ਧੂਲਕਾ, ਬਾਣੀਆਂ, ਮਦੇਪੁਰ ਜਾਂਦੇ ਇਹ ਖਾਲ ਪਿੰਡ ਮੁਛੱਲ ਦੇ ਨਹਿਰੀ ਖਾਲ ਦੇ ਨਾਲ ਨਾਲ ਚਲਦੇ ਸਨ। ਵਿਭਾਗ ਵੱਲੋਂ ਪਿੰਡ ਮੁਛੱਲ ਦੀ ਹਦੂਦ ਵਿਚ ਅਰੰਭ ਤੋਂ ਖਾਲ ਕੱਢਣ ਦੀ ਕੋਸ਼ਿਸ਼ ਕੀਤੀ ਤਾਂ ਪਿੰਡ ਮੁਛੱਲ ਦੇ ਕਿਸਾਨਾਂ ਨੇ ਇਹ ਕਹਿ ਕੇ ਕੰਮ ਰੋਕ ਦਿੱਤਾ। ਕਿ ਸਾਡੇ ਪਿੰਡ ਮੁਛੱਲ ਦੀ ਹਦੂਦ ਵਿਚ ਕੇਵਲ ਸਾਡੇ ਪਿੰਡ ਨੂੰ ਜਾਣ ਵਾਲਾ ਖਾਲ ਹੀ ਕੱਢਿਆ ਜਾਵੇ। ਇਸ ਸਮੇਂ ਨਹਿਰੀ ਅਤੇ ਮਾਲ ਵਿਭਾਗ ਦੇ ਐਸ ਡੀ ੳ ਸੁਖਬੀਰ ਸਿੰਘ, ਕਾਨੂੰਗੋ ਸਤਨਾਮ ਸਿੰਘ, ਪਟਵਾਰੀ ਮੇਹਰਬਾਨ ਸਿੰਘ, ਨਹਿਰੀ ਵਿਭਾਗ ਦੇ ਜੇਈ ਹਰਮਨ ਸਿੰਘ, ਪਟਵਾਰੀ ਹਰਿੰਦਰ ਸਿੰਘ, ਪ੍ਰਭਜੋਤ ਸਿੰਘ, ਗੁਰਦੇਵ ਸਿੰਘ, ਨਿਸ਼ਾਨ ਸਿੰਘ, ਹਰਜਿੰਦਰ ਸਿੰਘ, ਪੁਲੀਸ ਚੌਂਕੀ ਟਾਂਗਰਾ ਦੇ ਇੰਚਾਰਜ ਸਿਕੰਦਰ ਲਾਲ, ਏ ਐਸ ਆਈ ਹਜਾਰਾ ਸਿੰਘ ਹਾਜਰ ਸਨ। ਜਦੋਂ ਪੱਤਰਕਾਰਾਂ ਵੱਲੋਂ ਐਸ ਡੀ ੳ ਸੁਖਬੀਰ ਸਿੰਘ ਨੂੰ ਵਿਭਾਗੀ ਰਿਕਾਰਡ ਵਿਚੋਂ ਤਿੰਨ ਪਿੰਡਾਂ ਨੂੰ ਜਾ ਰਿਹਾ ਨਹਿਰੀ ਖਾਲ ਵਿਭਾਗ



ਦੇ ਨਕਸ਼ੇ ਵਿਚੋਂ ਗਾਇਬ ਹੋਣ ਬਾਰੇ ਪੁਛਿਆ ਗਿਆ ।ਤਾਂ ਉਹਨਾਂ ਕਿਹਾ ਕਿ ਸ਼ੁਰੂ ਇਹ ਨਹਿਰੀ ਖਾਲ ਜਬਾਨੀ ਕਲਾਮੀ ਛੱਡੇ ਹੋਣਗੇ। ਜਦੋਂ ਕਿ ਬਜ਼ੁਰਗ ਕਿਸਾਨਾਂ ਅਨੁਸਾਰ ਇਹ ਖਾਲ ਪਿਛਲੇ ਕਈ ਦਹਾਕਿਆਂ ਤੋਂ ਚਲਦੇ ਰਹੇ ਹਨ। ਹੁਣ ਦੁਬਾਰਾ ਦੋਵੇ ਕਾਨੂੰਗੋ ਹਲਕਿਆਂ ਦੀ ਨਿਸ਼ਾਨਦੇਹੀ ਨਹਿਰੀ ਵਿਭਾਗ ਵੱਲੋਂ ਕਰਵਾ ਕੇ ਕਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਇਸ ਮੌਕੇ ਪਿੰਡ ਮੁਛੱਲ ਦੇ ਸਾਬਕਾ ਸਰਪੰਚ ਸੁਖਰਾਜ ਸਿੰਘ ਪਿੰਡ ਧੂਲਾਕਾ ਦੇ ਸਰਪੰਚ ਵਰਿੰਦਰ ਸਿੰਘ, ਸੁਖਵਿੰਦਰ ਸਿੰਘ ਸੁਖਾ ਨੰਬਰਦਾਰ, ਜਗੀਰ ਸਿੰਘ ਮੈਂਬਰ,ਸਰਬਜੀਤ ਸਿੰਘ ਸਾਬਕਾ ਮੈਂਬਰ,ਸਰਬਜੀਤ ਸਿੰਘ ਛੱਬਾ ਸਾਬਕਾ ਮੈਂਬਰ ਆਦਿ ਹਾਜਰ ਸਨ।



# ਨਿਸ਼ਕਾਮ ਨਾਮ ਸਿਮਰਨ ਸੇਵਾ ਸੁਸਾਇਟੀ ਵੱਲੋਂ ਭਾਈ ਮੰਝ ਜੀ ਦੀ ਯਾਦ ਨੂੰ ਸਮਰਪਿਤ ਕਰਵਾਇਆ ਗਿਆ ਕੀਰਤਨ ਸਮਾਗਮ

## ਗੁਰੂ ਸਾਹਿਬ ਵੱਲੋਂ ਬਖਸ਼ੇ ਸੇਵਾ ਦੇ ਸਿਧਾਂਤ ਨਾਲ ਸੰਗਤਾਂ ਜੁੜਨ -ਭੁਪਿੰਦਰ ਸਿੰਘ



ਲੁਧਿਆਣਾ 7 ਦਸੰਬਰ (ਕਰਨੈਲ ਸਿੰਘ ਐੱਮ.ਏ.) ਨਿਸ਼ਕਾਮ ਨਾਮ ਸਿਮਰਨ ਸੇਵਾ ਸੁਸਾਇਟੀ ਦੇ ਵੱਲੋਂ ਅੱਜ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ ਵਿਖੇ ਬੜੀ ਸ਼ਰਧਾ ਭਾਵਨਾ ਦੇ ਨਾਲ ਗੁਰੂ ਘਰ ਦੇ ਅਨਿੰਨ ਸੇਵਕ ਭਾਈ ਮੰਝ ਜੀ ਦੀ ਮਿੱਠੀ ਯਾਦ ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਉਂਦਿਆਂ ਹੋਇਆਂ ਹਫਤਾਵਾਰੀ ਕੀਰਤਨ ਸਮਾਗਮ ਕਰਵਾਇਆ ਗਿਆ। ਜਿਸ ਅੰਦਰ ਵਿਸ਼ੇਸ਼ ਤੌਰ ਤੇ ਆਪਣੇ ਕੀਰਤਨੀ ਜੱਥੇ ਸਮੇਤ ਹਾਜ਼ਰੀ ਭਰਨ ਲਈ ਪੁੱਜੇ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਸਤਿੰਦਰਪਾਲ ਸਿੰਘ ਅਖੰਡ ਕੀਰਤਨੀ ਜੱਥੇ ਵਾਲਿਆਂ ਨੇ ਗੁਰਬਾਣੀ ਦਾ ਇਲਾਹੀ ਕੀਰਤਨ ਕਰਕੇ ਜਿੱਥੇ ਸੰਗਤਾਂ ਨੂੰ ਨਿਹਾਲ ਕੀਤਾ, ਉੱਥੇ ਨਾਲ ਹੀ ਸੰਗਤਾਂ ਦੇ ਨਾਲ ਆਪਣੇ ਵਿਚਾਰਾਂ ਦੀ ਸਾਂਝ ਕਰਦਿਆਂ ਕਿਹਾ ਕਿ ਗੁਰੂ ਅਰਜਨ ਦੇਵ ਦੇਵ ਜੀ ਵੱਲੋਂ ਸਮੁੱਚੀ ਮਨੁੱਖਤਾ ਨੂੰ ਬਖਸ਼ੇ ਸੇਵਾ ਸਿਧਾਂਤ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾ ਕੇ ਆਉ ਆਪਣਾ ਜੀਵਨ ਗੁਰੂ ਆਸ਼ੇ ਅਨੁਸਾਰ ਜੀਉਣ ਦੀ ਕੋਸ਼ਿਸ਼ ਕਰੀਏ। ਕੀਰਤਨ ਸਮਾਗਮ ਦੌਰਾਨ ਇਕੱਤਰ ਹੋਈਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਨਿਸ਼ਕਾਮ ਨਾਮ ਸਿਮਰਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਸ੍ਰ: ਭੁਪਿੰਦਰ ਸਿੰਘ ਨੇ ਕਿਹਾ ਕਿ ਗੁਰੂ ਘਰ ਦੇ ਅਨਿੰਨ ਸੇਵਕ ਭਾਈ ਮੰਝ ਜੀ ਸੇਵਾ, ਸਿਮਰਨ, ਸਿਦਕ ਦੀ ਅਨੋਖੀ ਮਿਸਾਲ ਸਨ। ਜਿਨ੍ਹਾਂ ਨੇ ਆਪਣਾ ਸਮੁੱਚਾ ਜੀਵਨ ਗੁਰੂ ਸਾਹਿਬ ਵੱਲੋਂ ਬਖਸ਼ੇ ਸੇਵਾ ਦੇ ਸੰਕਲਪ ਨਾਲ ਜੁੜ ਕੇ ਸਤਿਗੁਰੂ ਦੀ ਵੱਡੀ ਅਸੀਸ ਪ੍ਰਾਪਤ ਕੀਤੀ। ਜਿਸ ਦੇ ਸਦਕਾ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਮੰਝ ਨੂੰ ਦੁਆਬੇ ਦਾ ਪ੍ਰਚਾਰਕ ਥਾਪਿਆ ਅਤੇ ਸੰਗਤਾਂ ਲਈ ਲੰਗਰ ਚਲਾਉਣ ਦੀ ਸੇਵਾ ਬਖਸ਼ੀ। ਉਨ੍ਹਾਂ ਨੇ ਕਿਹਾ ਕਿ ਅੱਜ ਲੋੜ ਹੈ ਪ੍ਰਭੂ ਕੀਰਤੀ ਵਿੱਚ ਲੀਨ ਰਹਿਣ ਵਾਲੇ ਸਿੱਖ ਸੇਵਕ ਭਾਈ ਮੰਝ ਜੀ ਦੇ ਸੇਵਾ ਭਾਵਨਾ ਵਾਲੀ ਸੋਚ ਨਾਲ ਜੁੜ ਕੇ ਸੰਗਤਾਂ ਆਪਣਾ ਜੀਵਨ ਸਫਲ ਕਰਨ । ਇਸ ਦੌਰਾਨ ਨਿਸ਼ਕਾਮ ਨਾਮ ਸਿਮਰਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਸ੍ਰ: ਭੁਪਿੰਦਰ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਸਾਂਝੇ ਤੌਰ ਤੇ ਗੁਰੂ ਘਰ ਦੇ ਕੀਰਤਨੀਏ ਭਾਈ ਸਤਿੰਦਰਪਾਲ ਸਿੰਘ ਅਖੰਡ ਕੀਰਤਨੀ ਜੱਥੇ ਵਾਲੇ ਤੇ ਉਨ੍ਹਾਂ ਦੇ ਕੀਰਤਨੀ ਜੱਥੇ ਦੇ ਮੈਂਬਰਾਂ ਨੂੰ ਸਿਰੋਪਾਉ ਭੇਟ ਕੀਤੇ । ਕੀਰਤਨ ਸਮਾਗਮ ਅੰਦਰ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ੍ਰ: ਇੰਦਰਜੀਤ ਸਿੰਘ ਮੱਕੜ, ਜਤਿੰਦਰਪਾਲ ਸਿੰਘ ਸਲੂਜਾ, ਕਰਨੈਲ ਸਿੰਘ ਬੇਦੀ, ਪ੍ਰਿਤਪਾਲ ਸਿੰਘ, ਸੁਰਿੰਦਰਪਾਲ ਸਿੰਘ ਭੁਟੀਆਨੀ, ਬਲਜੀਤ ਸਿੰਘ ਦੂਆ (ਨਵਦੀਪ ਰੀਜ਼ੋਰਟ), ਤਰਲੋਚਨ ਸਿੰਘ ਸਾਂਭਰ, ਰਜਿੰਦਰ ਸਿੰਘ ਮੱਕੜ, ਹਰਵਿੰਦਰ ਸਿੰਘ ਬਲਬੀਰ ਕਲਾਥ ਵਾਲੇ, ਕੰਵਲਪ੍ਰੀਤ ਸਿੰਘ ਸਚਦੇਵਾ, ਜਤਿੰਦਰਪਾਲ ਸਿੰਘ ਪ੍ਰਧਾਨ, ਭੁਪਿੰਦਰਪਾਲ ਸਿੰਘ ਧਵਨ, ਮਹਿੰਦਰ ਸਿੰਘ ਡੰਗ, ਅੱਤਰ ਸਿੰਘ ਮੱਕੜ, ਰਜਿੰਦਰ ਸਿੰਘ ਡੰਗ, ਨਰਿੰਦਰਪਾਲ ਸਿੰਘ ਕਥੂਰੀਆਂ, ਹਰਮੀਤ ਸਿੰਘ ਡੰਗ, ਗੁਰਪ੍ਰੀਤ ਸਿੰਘ ਪ੍ਰਿੰਸ, ਜੀਤ ਸਿੰਘ, ਗੁਰਵਿੰਦਰ ਸਿੰਘ ਆੜ੍ਹਤੀ, ਹਰਕੀਰਤ ਸਿੰਘ ਬਾਵਾ ਮਸਾਲਾ, ਸੁਰਿੰਦਰ ਸਿੰਘ ਸਚਦੇਵਾ, ਸੁਖਪ੍ਰੀਤ ਸਿੰਘ ਮਨੀ, ਬਾਦਸ਼ਾਹਦੀਪ ਸਿੰਘ, ਇੰਦਰਪਾਲ ਸਿੰਘ ਕਾਲੜਾ, ਕਮਲਦੀਪ ਸਿੰਘ ਕਾਲੜਾ, ਪਰਮਜੀਤ ਸਿੰਘ ਡੀਮਾਰਟੇ, ਪਰਮਿੰਦਰਪਾਲ ਸਿੰਘ ਡੀਮਾਰਟੇ, ਜਗਬੀਰ ਸਿੰਘ, ਕਰਨਦੀਪ ਸਿੰਘ ਸਿਮਰਨ, ਬਲਫਤਿਹ ਸਿੰਘ ਵਿਸ਼ੇਸ਼ ਤੌਰ ਤੇ ਹਾਜ਼ਰ ਸਨ

# ਜੈ ਭੀਮ ਮੰਚ ਵੱਲੋਂ ਬਾਬਾ ਭੀਮ ਰਾਓ ਅੰਬੇਦਕਰ ਦੇ 69ਵੇਂ ਬਲਿਦਾਨ ਦਿਵਸ ਮੌਕੇ ਦਿੱਤੀ ਗਈ ਸ਼ਰਧਾਂਜਲੀ



ਰਾਜਪੁਰਾ,07 ਦਸੰਬਰ (ਹਿਮਾਂਸ਼ੂ ਹੈਰੀ): ਭਾਰਤ ਦੇ ਸੰਵਿਧਾਨ ਨਿਰਮਾਤਾ ਬਾਬਾ ਭੀਮ ਰਾਓ ਅੰਬੇਦਕਰ ਦੇ ਬਲਿਦਾਨ ਦਿਵਸ ਮੌਕੇ ਜੈ ਭੀਮ ਮੰਚ ਦੇ ਪ੍ਰਧਾਨ ਸੁਖਵਿੰਦਰ ਸੁੱਖੀ ਦੀ ਅਗਵਾਈ ਵਿੱਚ ਸੈਂਕੜੇ ਬਾਬਾ ਸਾਹਿਬ ਤੇ ਵਿਸ਼ਵਾਸ ਰੱਖਣ ਵਾਲਿਆਂ ਨੇ ਬਾਬਾ ਸਾਹਿਬ ਦੇ ਬੁੱਤ ਉੱਤੇ ਫੁੱਲ ਚੜ੍ਹਾ ਕੇ ਸ਼ਰਧਾਂਜਲੀ ਦਿੱਤੀ। ਇਸ ਮੌਕੇ ਜੈ ਭੀਮ੍ ਮੰਚ ਦੇ ਪ੍ਰਧਾਨ ਸੁਖਵਿੰਦਰ ਸੁੱਖੀ ਵੱਲੋਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਗਿਆ ਕਿ ਬਾਬਾ ਸਾਹਿਬ ਸਾਡੇ ਪੂਜਨੀਕ ਹਨ ਉਹਨਾਂ ਦਾ ਸਾਡੇ ਦਿਲ ਵਿੱਚ ਹੀ ਨਹੀਂ ਪੂਰੇ ਭਾਈਚਾਰੇ ਵਿੱਚ ਸਤਿਕਾਰ ਹੈ ਅੱਜ ਬਲਦਾਨ ਦਿਵਸ ਮੌਕੇ ਬਾਬਾ ਸਾਹਿਬ ਨੂੰ ਸ਼ਰਧਾਂਜਲੀ ਦਿੱਤੀ ਜਾ ਰਹੀ ਤੇ ਜੈ ਭੀ ਮੰਚ ਦੇ ਪਰਿਵਾਰ ਵਿੱਚ ਵੱਖ-ਵੱਖ ਜਥੇਬੰਦੀਆਂ ਦੇ ਮੈਂਬਰ ਵੀ ਜੈ ਭੀਮ ਮੰਚ ਵਿੱਚ ਸ਼ਮਿਲ੍ ਹੋਏ ਉਹਨਾਂ ਵੱਲੋਂ ਆਸ਼ਵਾਸਨ ਦਿੱਤਾ ਗਿਆ ਕਿ ਜਿੱਥੇ ਵੀ ਮੰਚ ਨੂੰ ਸਾਡੀ ਜੁਰਰ੍ਤ ਪਏਗੀ ਅਸੀਂ ਉੱਥੇ ਮੋਢੇ ਨਾਲ ਮੋਢਾ ਮਿਲਾ ਕੇ ਖੜਾਂਗੇ ਜੈ ਭੀਮ ਮੰਚ ਦੇ ਪ੍ਰਧਾਨ ਸੁਖਵਿੰਦਰ ਸੁੱਖੀ ਨੇ ਅੱਗੇ ਦੱਸਿਆ ਕਿ ਇਹਨਾਂ ਦੇ ਆਣ ਨਾਲ ਮੰਚ ਨੂੰ ਸ਼ਕਤੀ ਮਿਲੇਗੀ.ਉਹਨਾਂ ਪਿਛਲੇ ਦਿਨੀ ਹੋਈ ਬਾਬਾ ਸਾਹਿਬ ਦੀ ਬੇਅਦਬੀ ਦੇ ਮੁੱਦੇ ਬਾਰੇ ਜਾਣਕਾਰੀ ਦਿੰਦੇ ਦੱਸਿਆ ਕਿ ਉਸ ਬੇਅਦਬੀ ਨੂੰ ਲੈ ਕੇ ਹਜੇ ਤੱਕ ਸਰਕਾਰ ਵੱਲੋਂ ਕੋਈ ਵੀ ਠੋਸ ਖਤਮ ਨਹੀਂ ਚੁੱਕਿਆ ਗਿਆ ਪਰ ਅਸੀਂ ਬਹੁਤ ਜਲਦੀ ਐੱਸ ਸੀ ਕਮਿਸ਼ਨ ਦੇ ਚੇਅਰਮੈਨ ਗੜੀ ਸਾਹਿਬ ਨੂੰ ਮਿਲਾਂਗੇ ਤੇ ਇਸ ਗਲ ਤੋ ਜਾਣੂ ਕਰਵਾਵਾਂਗੇ ਅਤੇ ਨਾਲ ਹੀ ਜਲਦ ਤੇ ਜਲਦ ਇਨਸਾਫ ਦੀ ਗੱਲ ਵੀ ਕਹਾਂਗੇ।

# ਖੰਨਾਂ ਵਿੱਚ ਭਾਰਤ ਰਤਨ ਡਾਕਟਰ ਭੀਮ ਰਾਓ ਅੰਬੇਦਕਰ ਜੀ ਦਾ 69ਵਾਂ ਪ੍ਰੀ ਨਿਵਾਰਨ ਦਿਵਸ ਮਨਾਇਆ ਗਿਆ



ਖੰਨਾਂ ,7 ਦਸੰਬਰ (ਅਰਵਿੰਦਰ ਸਿੰਘ ਸਵੈਚ, ਗੀਤਾ ਰਾਣੀ)ਡਾਕਟਰ ਅੰਬੇਡਕਰ ਮਿਸ਼ਨ ਸੁਸਾਇਟੀ ( ਰਜਿ :) ਖੰਨਾਂ ਵੱਲੋਂ ਭਾਰਤ ਰਤਨ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ 69ਵਾਂ ਪ੍ਰੀ ਨਿਰਵਾਣ ਦਿਵਸ ਸੁਸਾਇਟੀ ਦੇ ਪ੍ਰਧਾਨ ਕਰਮਜੀਤ ਸਿੰਘ ਸਿਫਤੀ ਦੀ ਅਗਵਾਈ ਹੇਠ ਸਥਾਨਕ ਨਗਰ ਪਾਲਿਕਾ ਦੇ ਪਾਰਕ ਵਿੱਚ ਡਾਕਟਰ ਅੰਬੇਡਕਰ ਸਾਹਿਬ ਦੇ ਬੁੱਤ ਨੂੰ ਸ਼ਰਧਾ ਅਤੇ ਸਤਿਕਾਰ ਦੇ ਕੇ ਮਨਾਇਆ ਗਿਆ । ਸਮਾਗਮ ਦੌਰਾਨ ਕਰਮਜੀਤ ਸਿੰਘ ਸਿਫਤੀ ਨੇ ਦੱਸਿਆ ਕਿ ਭਾਰਤ ਰਤਨ ਡਾਕਟਰ ਭੀਮ ਰਾਓ ਅੰਬੇਡਕਰ ਸਿਰਫ ਦਲਿਤਾਂ ਦੇ ਹੀ ਮਸੀਹਾ ਨਹੀਂ ਸਨ, ਸਗੋਂ ਉਨਾਂ ਨੇ ਪੂਰੇ ਭਾਰਤ ਦੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਵਿਸ਼ੇਸ਼ ਉਪਰਾਲੇ ਕੀਤੇ । ਸਿਫਤੀ ਨੇ ਦੱਸਿਆ ਕਿ ਅੱਜ ਭਾਰਤ ਵਿੱਚ ਜੋ ਔਰਤਾਂ, ਮਰਦਾਂ ਦੇ ਬਰਾਬਰ ਅਧਿਕਾਰਾਂ ਦਾ ਆਨੰਦ ਮਾਣ ਰਹੀਆਂ ਹਨ ,ਇਹ ਸਭ ਡਾਕਟਰ ਅੰਬੇਡਕਰ ਸਭ ਦੀ ਹੀ ਦੇਣ ਹੈ । ਉਹਨਾਂ ਅੱਗੇ ਆਖਿਆ ਕਿ ਡਾਕਟਰ ਅੰਬੇਡਕਰ ਇੱਕ ਦ੍ਰਿਸ਼ਟੀਵਾਨ ਨੇਤਾ ਸਨ ਜਿਨਾਂ ਨੇ ਸਮਾਨਤਾ , ਨਿਆਂ ਅਤੇ ਆਜ਼ਾਦੀ ਦੇ ਅਸੂਲਾਂ ਤੇ ਅਧਾਰਤ ਵਿਸ਼ਵ ਦਾ ਸਭ ਤੋਂ ਵੱਡਾ ਲਿਖਤ ਸੰਵਿਧਾਨ ਭਾਰਤ ਲਈ ਤਿਆਰ ਕਰਵਾਇਆ । ਇਸ ਮੌਕੇ ਸੁਸਾਇਟੀ ਦੇ ਸਰਪ੍ਰਸਤ ਪ੍ਰਿੰਸੀਪਲ ਜਸਵੰਤ ਸਿੰਘ ਮਿੱਤਰ , ਜਨਰਲ ਸਕੱਤਰ ਬਲਬੀਰ ਸਿੰਘ ਭੱਟੀ , ਸੀਨੀ. ਮੀਤ ਪ੍ਰਧਾਨ ਪਾਲ ਸਿੰਘ ਕੈੜੇ , ਕੌਂਸਲਰ ਸੁਖਮਨਜੀਤ ਸਿੰਘ , ਮੀਤ ਪ੍ਰਧਾਨ ਈਸ਼ਰ ਸਿੰਘ , ਮੁੱਖ ਸਲਾਹਕਾਰ ਪ੍ਰੇਮ ਸਿੰਘ ਬੰਗੜ , ਸਵਰਨ ਸਿੰਘ ਛਿੱਬੜ , ਸੁਪਰਡੈਂਟ ਗੁਰਨਾਮ ਸਿੰਘ , ਮਹਿੰਦਰ ਸਿੰਘ ਮਾਨੂਪੁਰ , ਹਰਜਿੰਦਰ ਸਿੰਘ ਜੇਈ , ਭੁਪਿੰਦਰ ਸਿੰਘ , ਡਾ. ਸੋਹਣ ਸਿੰਘ , ਮੁਹੱਬਤ ਸਿੰਘ , ਕਮਲਜੀਤ ਸਿੰਘ ਦੁੱਲਵਾਂ , ਲਖਬੀਰ ਸਿੰਘ ਭੱਟੀਆਂ ਆਦਿ ਮੈਂਬਰ ਹਾਜ਼ਰ ਸਨ ।

# ਐਵੋਨਲੀ ਯੂਨੀਵਰਸਿਟੀ ਵੱਲੋਂ ਐਂਗਰੀ ਮੈਨ ਪੰਮਾ ਨੂੰ ਡਾਕਟਰੇਟ ਦੀ ਉਪਾਧੀ ਨਾਲ ਕੀਤਾ ਗਿਆ ਸਨਮਾਨਿਤ



ਨਵੀਂ ਦਿੱਲੀ 7 ਦਸੰਬਰ (ਮਨਪ੍ਰੀਤ ਸਿੰਘ ਖਾਲਸਾ):-ਦਿੱਲੀ ਦੇ ਪੱਛਮੀ ਵਿਹਾਰ ਸਥਿਤ ਭਾਰਤੀ ਵਿਦਿਆਪੀਠ ਸੰਸਥਾਨ ਵਿਖੇ ਆਯੋਜਿਤ ਇੱਕ ਸ਼ਾਨਦਾਰ ਸਮਾਰੋਹ ਵਿੱਚ, ਐਵੋਨਲੀ ਯੂਨੀਵਰਸਿਟੀ ਨੇ ਐਂਗਰੀ ਮੈਨ ਅਤੇ ਨੈਸ਼ਨਲ ਅਕਾਲੀ ਦਲ ਦੇ ਪ੍ਰਧਾਨ ਪਰਮਜੀਤ ਸਿੰਘ ਪੰਮਾ ਨੂੰ ਆਨਰੇਰੀ ਡਾਕਟਰੇਟ ਦੀ ਡਿਗਰੀ ਪ੍ਰਦਾਨ ਕੀਤੀ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਰਾਜੇਸ਼ ਚੌਹਾਨ ਅਤੇ ਰਜਿਸਟਰਾਰ ਭਾਵਨਾ ਧਵਨ ਦੀ ਅਗਵਾਈ ਵਿੱਚ ਹੋਏ ਇਸ ਸਮਾਰੋਹ ਦੀ ਸ਼ੁਰੂਆਤ ਦੀਵਾ ਜਗਾਉਣ ਨਾਲ ਹੋਈ। ਮੁੱਖ ਮਹਿਮਾਨ ਜਸਟਿਸ ਰਜਨੀਸ਼ ਭਟਨਾਗਰ, ਮੈਜਿਸਟਰੇਟ ਰਵਿੰਦਰ ਕੁਮਾਰ ਪਾਹੂਜਾ ਅਤੇ ਪ੍ਰੋਫੈਸਰ ਡਾ. ਐਮ.ਐਨ. ਹੌਂਡਾ ਮੌਜੂਦ ਸਨ। ਪਰਮਜੀਤ ਸਿੰਘ ਪੰਮਾ ਨੂੰ ਡਾਕਟਰੇਟ ਦੀ ਡਿਗਰੀ ਪ੍ਰਦਾਨ ਕਰਦੇ ਹੋਏ, ਉਨ੍ਹਾਂ ਨੇ ਉਨ੍ਹਾਂ ਦੇ ਲੰਬੇ ਸਮੇਂ ਤੋਂ ਚੱਲ ਰਹੇ ਸਮਾਜਿਕ ਯੋਗਦਾਨ ਦੀ ਸ਼ਲਾਘਾ ਕੀਤੀ। ਪੰਮਾ ਨੂੰ ਪਹਿਲਾਂ ਵੀ ਕਈ ਰਾਸ਼ਟਰੀ ਸਨਮਾਨ ਮਿਲ ਚੁੱਕੇ ਹਨ, ਜਿਨ੍ਹਾਂ ਵਿੱਚ ਐਂਗਰੀ ਮੈਨ ਅਵਾਰਡ ਵੀ ਸ਼ਾਮਲ ਹੈ। ਸਮਾਰੋਹ ਦੌਰਾਨ, ਯੂਨੀਵਰਸਿਟੀ ਵੱਲੋਂ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੀ ਵੰਡੇ ਗਏ। ਮੁੱਖ ਮਹਿਮਾਨ ਡਾ. ਅਜੇ ਕੁਮਾਰ, ਆਰ. ਪੀ. ਤੁਲਸੀਆਨ, ਰਾਹੁਲ ਜਿੰਦਲ, ਸੰਜੇ ਸਿੰਗਲਾ, ਸੁਭਾਸ਼ ਗਿਰੀ ਅਤੇ ਐਡਵੋਕੇਟ ਅਨਿਲ ਖਟੂਰੀਆ ਮੌਜੂਦ ਸਨ ਜਿਨ੍ਹਾਂ ਨੇ ਸਟੇਜ 'ਤੇ ਮੌਜੂਦ ਬੱਚਿਆਂ ਦਾ ਹੌਸਲਾ ਵਧਾਇਆ। ਮਨੋਰੰਜਨ ਸੈਸ਼ਨ ਵਿੱਚ, ਗਾਇਕ ਆਸ਼ੂ ਪੰਜਾਬੀ ਦੀ ਸ਼ਾਨਦਾਰ ਪੇਸ਼ਕਾਰੀ ਅਤੇ ਬੱਚਿਆਂ ਦੇ ਮਨਮੋਹਕ ਨਾਚ ਪ੍ਰਦਰਸ਼ਨ ਨੇ ਸਮਾਗਮ ਦੀ ਸ਼ਾਨ ਨੂੰ ਹੋਰ ਵਧਾ ਦਿੱਤਾ। ਅੰਤ ਵਿੱਚ, ਸਾਰੇ ਮਹਿਮਾਨਾਂ ਨੇ ਐਵੋਨਲੀ ਯੂਨੀਵਰਸਿਟੀ ਦੁਆਰਾ ਆਯੋਜਿਤ ਇਸ ਸਮਾਗਮ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਅਜਿਹੇ ਸਮਾਗਮ ਨਾ ਸਿਰਫ਼ ਪ੍ਰਤਿਭਾਵਾਂ ਦਾ ਸਨਮਾਨ ਕਰਦੇ ਹਨ ਬਲਕਿ ਉਨ੍ਹਾਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਲਿਜਾਣ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

## ਬਲਾਕ ਸੰਮਤੀ ਉਮੀਦਵਾਰ ਮਨਜੀਤ ਕੌਰ ਦੇ ਹੱਕ ਚ ਗੁਰਦਿਆਲ ਸਿੰਘ ਕਾਕੂ ਭਗਤ ਵੱਲੋਂ ਘਰ-ਘਰ ਜਾ ਕੇ ਕੀਤਾ ਚੋਣ ਪ੍ਰਚਾਰ ਤੇਜ਼



ਨੂਰਪੁਰਬੇਦੀ, 6 ਦਸੰਬਰ (ਅਜੈ ਪੁਰੀ)ਆਮ ਆਦਮੀ ਪਾਰਟੀ ਦੇ ਜੋਨ ਟਿੱਬਾ ਨੰਗਲ ਤੋਂ ਬਲਾਕ ਸੰਮਤੀ ਲਈ ਉਮੀਦਵਾਰ ਅਤੇ ਸਮਾਜ ਸੇਵੀ ਆਗੂ ਗੁਰਦਿਆਲ ਸਿੰਘ ਕਾਕੂ ਭਗਤ ਦੀ ਪਤਨੀ ਮਨਜੀਤ ਕੌਰ ਵੱਲੋਂ ਚੋਣ ਪ੍ਰਚਾਰ ਨੂੰ ਹੋਰ ਤੇਜ਼ ਕਰ ਦਿੱਤਾ ਗਿਆ ਹੈ। ਸਮਰਥਕਾਂ ਦੀ ਟੀਮ ਨੂੰ ਨਾਲ ਲੈਂਦੇ ਹੋਏ ਉਹ ਲਗਾਤਾਰ ਵੱਖ-ਵੱਖ ਪਿੰਡਾਂ ਵਿੱਚ ਦੌਰੇ ਕਰਕੇ ਲੋਕਾਂ ਨਾਲ ਸੰਪਰਕ ਮੁਹਿੰਮ ਚਲਾ ਰਹੇ ਹਨ। ਅੱਜ ਯੂਥ ਪ੍ਰਧਾਨ ਜਗਦੀਪ ਸਿੰਘ ਦੀਪੀ ਅਤੇ ਸੀਨੀਅਰ ਆਪ ਆਗੂ ਸਰਪੰਚ ਲੇਖ ਰਾਮ ਬਜਾੜ ਦੀ ਅਗਵਾਈ ਵਿੱਚ ਟੀਮ ਨੇ ਆਪਣੇ ਜੋਨ ਦੇ ਪਿੰਡ ਕੋਲਾਪੁਰ ਵਿੱਚ ਘਰ-ਘਰ ਜਾ ਕੇ ਕਾਕੂ ਭਗਤ ਦੇ ਹੱਕ 'ਚ ਵੋਟ ਪਾਉਣ ਦੀ ਅਪੀਲ ਕੀਤੀ। ਸਥਾਨਕ ਲੋਕਾਂ ਨਾਲ ਗੱਲਬਾਤ ਦੌਰਾਨ ਆਗੂਆਂ ਨੇ ਕਿਹਾ ਕਿ ਖੇਤਰ ਦੀ ਜਨਤਾ ਹੁਣ ਅਕਾਲੀ ਦਲ ਅਤੇ ਕਾਂਗਰਸ ਤੋਂ ਤੰਗ ਆ ਚੁੱਕੀ ਹੈ, ਜਦਕਿ ਭਾਜਪਾ ਦਾ ਕਿਸਾਨ ਵਿਰੋਧੀ ਚਿਹਰਾ ਵੀ ਪੂਰੀ ਤਰ੍ਹਾਂ ਬੇਨਕਾਬ ਹੋ ਗਿਆ ਹੈ। ਉਹਨਾਂ ਨੇ ਦਾਅਵਾ ਕੀਤਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਹਲਕੇ ਵਿੱਚ ਕਰਵਾਏ ਗਏ ਵਿਕਾਸ ਕਾਰਜਾਂ ਦਾ ਸਿੱਧਾ ਅਸਰ ਲੋਕਾਂ ਦੇ ਮਨਾਂ 'ਤੇ ਨਜ਼ਰ ਆ ਰਿਹਾ ਹੈ, ਅਤੇ ਜਨਤਾ ਵੱਡੇ ਪੱਧਰ 'ਤੇ ਆਪ ਦੇ ਉਮੀਦਵਾਰਾਂ ਦੇ ਹੱਕ ਵਿੱਚ ਫ਼ੈਸਲਾ ਕਰਨ ਲਈ ਤਿਆਰ ਬੈਠੀ ਹੈ। ਆਗੂਆਂ ਨੇ ਭਰੋਸਾ ਜਤਾਇਆ ਕਿ ਲੋਕਾਂ ਦੇ ਬੇਹਤਰੀਨ ਸਮਰਥਨ ਦੇ ਆਧਾਰ 'ਤੇ ਆਉਣ ਵ ਾਲੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਬਲਾਕ ਸੰਮਤੀ ਅਤੇ ਜ਼ਿਲ੍ਹਾ ਪਰਿਸ਼ਦ ਦੇ ਉਮੀਦਵਾਰ ਭਾਰੀ ਵੋਟਾਂ ਨਾਲ ਜਿੱਤ ਦਰਜ ਕਰਨਗੇ। ਇਸ ਮੌਕੇ ਉਹਨਾਂ ਦੇ ਨਾਲ ਦੇਸਰਾਜ ਚੌਹਾਨ, ਰਵੀ ਚੌਹਾਨ, ਰਾਮਦਾਸ ਪੰਚ, ਕੁਲਭੂਸ਼ਣ ਚੌਹਾਨ, ਜਗਦੀਸ਼ ਚੌਹਾਨ, ਪਾਲ ਮਹਿਰ, ਭਜਨ ਸਿੰਘ , ਬਲਵੀਰ ਸਿੰਘ ਤੇ ਹੋਰ ਟੀਮ ਮੈਂਬਰ ਹਜਰ ਸਨ।

## ਹੈਦਰਾਬਾਦ ਦੇ ਨਵਾਬ ਅਹਿਮਦ ਆਲਮ ਖਾਨ ਅੰਮ੍ਰਿਤਸਰ ਪਹੁੰਚੇ, ਆਚਾਰੀਆ ਗੁਰਮੀਤ ਨੇ ਉਨ੍ਹਾਂ ਦਾ ਕੀਤਾ ਸਵਾਗਤ



ਰਣਜੀਤ ਸਿੰਘ ਮਸੌਣ ਅੰਮ੍ਰਿਤਸਰ, 7 ਦਸੰਬਰਪੰਜਾਬ ਦਾ ਅੰਮ੍ਰਿਤਸਰ ਸ਼ਹਿਰ ਬਹੁਤ ਸਾਰੀਆਂ ਪ੍ਰਸਿੱਧ ਸ਼ਖਸੀਅਤਾਂ ਦਾ ਘਰ ਹੈ, ਜਿਨ੍ਹਾਂ ਦੀ ਮੌਜ਼ੂਦਗੀ ਅਕਸਰ ਅਣਦੇਖੀ ਜਾਂਦੀ ਹੈ। ਮੁਸਲਿਮ ਵਿਦਿਅਕ, ਸਮਾਜਿਕ ਅਤੇ ਸੱਭਿਆਚਾਰਕ ਸੰਗਠਨ ਦੇ ਪ੍ਰਧਾਨ ਹੈਦਰਾਬਾਦ ਦੇ ਮਾਣਯੋਗ ਨਵਾਬ ਅਹਿਮਦ ਆਲਮ ਖ਼ਾਨ ਨੇ ਉਨ੍ਹਾਂ ਦੇ ਆਉਣ ਦੀ ਸ਼ੋਭਾ ਵਧਾਈ। ਉਹ ਆਪਣੇ ਪੁੱਤਰ, ਬਰਕਤ ਆਲਮ ਖ਼ਾਨ ਨਾਲ ਪਹੁੰਚੇ, ਜੋ ਕਿ ਆਲ ਇੰਡੀਆ ਮਜਲਿਸ-ਏ-ਇਤੇਹਾਦੁਲ ਪ੍ਰਧਾਨ ਮਾਨਯੋਗ ਅਸਦੁਦੀਨ ਓਵੈਸੀ ਦੇ ਸਤਿਕਾਰਯੋਗ ਜਵਾਈ ਹਨ। ਇਹ ਵਿਸ਼ੇਸ਼ ਮਹਿਮਾਨ ਪੰਜਾਬ ਦੀ ਆਪਣੀ ਨਿਰਧਾਰਤ ਯਾਤਰਾ ਦੌਰਾਨ ਆਚਾਰੀਆ ਗੁਰਮੀਤ ਨੂੰ ਮਿਲਣ ਆਏ। ਉਹ ਸਵੇਰੇ 9:30 ਵਜੇ ਦੇ ਕਰੀਬ ਅੰਮ੍ਰਿਤਸਰ ਪਹੁੰਚੇ ਅਤੇ ਆਚਾਰੀਆ ਗੁਰਮੀਤ ਨੇ ਖ਼ੁਦ ਉਨ੍ਹਾਂ ਦਾ ਸਵਾਗਤ ਕੀਤਾ, ਜੋ ਉਨ੍ਹਾਂ ਦਾ ਸਵਾਗਤ ਕਰਨ ਲਈ ਹਵਾਈ ਅੱਡੇ 'ਤੇ ਆਏ ਸਨ। ਉੱਥੋਂ, ਵਫ਼ਦ ਨੂੰ ਸਿੱਧਾ ਆਚਾਰੀਆ ਗੁਰਮੀਤ ਦੇ ਨਿਵਾਸ 'ਤੇ ਲਿਜਾਇਆ ਗਿਆ। ਨਿਵਾਸ ਸਥਾਨ 'ਤੇ, ਸੁਰਿਯਾਵੰਸ਼ੀ ਈਸ਼ਵਰੀ ਅਤੇ ਅਰਜੁਨ ਸਿੰਘ ਨੇ ਨਵਾਬ ਅਹਿਮਦ ਆਲਮ ਖ਼ਾਨ ਅਤੇ ਬਰਕਤ ਆਲਮ ਖ਼ਾਨ ਦਾ ਫੁੱਲਾਂ ਦੇ ਗੁਲਦਸਤੇ ਭੇਂਟ ਕਰਕੇ ਨਿੱਘਾ ਅਤੇ ਰਵਾਇਤੀ ਸਵਾਗਤ ਕੀਤਾ, ਜਿਸ ਨਾਲ ਉਨ੍ਹਾਂ ਦੀ ਫੇਰੀ ਦੀ ਸ਼ੁਰੂਆਤ ਸਤਿਕਾਰ ਅਤੇ ਮਹਿਮਾਨ ਨਿਵਾਜ਼ੀ ਨਾਲ ਹੋਈ। ਇਹ ਖ਼ਾਸ ਤੌਰ 'ਤੇ ਧਿਆਨ ਦੇਣ ਯੋਗ ਹੈ ਕਿ ਆਚਾਰੀਆ ਗੁਰਮੀਤ ਇੱਕ ਵਿਸ਼ਵ-ਪ੍ਰਸਿੱਧ ਜੋਤਿਸ਼ ਆਚਾਰੀਆ ਵੀ ਹਨ, ਜਿਨ੍ਹਾਂ ਨੂੰ ਦੁਨੀਆ ਭਰ ਦੇ ਕਈ ਦੇਸ਼ਾਂ ਵਿੱਚ ਆਪਣੀ ਮੁਹਾਰਤ ਲਈ ਮਾਨਤਾ ਪ੍ਰਾਪਤ ਹੈ। ਹਾਲ ਹੀ ਵਿੱਚ, ਅੰਤਰਰਾਸ਼ਟਰੀ ਪੱਧਰ 'ਤੇ ਪ੍ਰਸਿੱਧ ਅਮਰੀਕੀ ਗਾਇਕਾ ਮਾਰੀਆ ਕੈਰੀ ਨੇ ਨਿਊਯਾਰਕ ਤੋਂ ਉਨ੍ਹਾਂ ਨਾਲ ਇੱਕ ਨਿੱਜੀ ਮੁਲਾਕਾਤ ਅਤੇ ਸਲਾਹ-ਮਸ਼ਵਰੇ ਦਾ ਸਮਾਂ ਤਹਿ ਕਰਨ ਲਈ ਸੰਪਰਕ ਕੀਤਾ, ਜੋ ਉਨ੍ਹਾਂ ਦੀ ਜੋਤਿਸ਼ ਪ੍ਰਤੀ ਸਮਝ ਲਈ ਵਿਸ਼ਵਵਿਆਪੀ ਸਤਿਕਾਰ ਨੂੰ ਦਰਸਾਉਂਦਾ ਹੈ। ਵਿਸ਼ੇਸ਼ ਮਹਿਮਾਨਾਂ ਅਤੇ ਆਚਾਰੀਆ ਗੁਰਮੀਤ ਵਿਚਕਾਰ ਇਸ ਸੁਹਿਰਦ ਮੁਲਾਕਾਤ ਨੇ ਸਵੇਰ ਨੂੰ ਇੱਕ ਯਾਦਗਾਰੀ ਵਿੱਚ ਬਦਲ ਦਿੱਤਾ। ਉਨ੍ਹਾਂ ਦੇ ਆਉਣ ਨਾਲ ਸ਼ਹਿਰ ਦੇ ਮਾਹੌਲ ਵਿੱਚ ਇੱਕ ਕੋਮਲ ਗੌਰਵ ਵਧ ਗਿਆ, ਅਤੇ ਇਹ ਪਲ ਅੰਮ੍ਰਿਤਸਰ ਲਈ ਇੱਕ ਮਾਣ ਵਾਲੀ ਯਾਦ ਬਣਿਆ ਰਹੇਗਾ।

## ਗਰੀਨ ਗਰੋਵ ਸਕੂਲ ਵਿੱਚ"ਦਿਲਾਂ ਦੀ ਸਦਭਾਵਨਾ" – 31ਵਾਂ ਸਾਲਾਨਾ ਸਮਾਗਮ 2025 ਸ਼ਾਨ ਨਾਲ ਸਮਾਪਤ ਸ਼੍ਰੀ ਬਲਤੇਜ ਪੰਨੂ ਨੇ ਮੁੱਖ ਮਹਿਮਾਨ ਵਜੋਂ ਕੀਤੀ ਸ਼ਿਰਕਤ




ਖੰਨਾਂ 7 ਦਸੰਬਰ (ਅਰਵਿੰਦਰ ਸਿੰਘ ਸਵੈਚ, ਗੀਤਾ ਰਾਣੀ)31ਵਾਂ ਸਾਲਾਨਾ ਸਮਾਗਮ "ਦਿਲਾਂ ਦੀ ਸਦਭਾਵਨਾ" 7 ਦਸੰਬਰ, 2025 ਨੂੰ ਗ੍ਰੀਨ ਗਰੋਵ ਸਕੂਲ ਵਿਖੇ ਸ਼ਾਨ ਅਤੇ ਸੱਭਿਆਚਾਰਕ ਜੋਸ਼ ਨਾਲ ਹੋਇਆ। ਮਾਣਯੋਗ ਮੁੱਖ ਮਹਿਮਾਨ, ਸ਼੍ਰੀ ਬਲਤੇਜ ਸਿੰਘ ਪੰਨੂ - ਜਨਰਲ ਸਕੱਤਰ (ਆਪ) ਅਤੇ ਮੀਡੀਆ ਇੰਚਾਰਜ ਪੰਜਾਬ ਸਰਕਾਰ, ਦਾ ਸਵਾਗਤ ਮਹਿਮਾਨਾਂ, ਪ੍ਰਧਾਨ ਸ਼੍ਰੀ ਜੇ.ਪੀ.ਐਸ. ਜੌਲੀ, ਉਪ ਪ੍ਰਧਾਨ ਸ਼੍ਰੀਮਤੀ ਨਾਵੇਰਾ ਜੌਲੀ, ਚੇਅਰਪਰਸਨ ਸ਼੍ਰੀਮਤੀ ਸਤਿੰਦਰਜੀਤ ਜੌਲੀ ਅਤੇ ਪ੍ਰਿੰਸੀਪਲ ਸ਼੍ਰੀਮਤੀ ਸੂਜ਼ੀ ਜਾਰਜ ਦੇ ਨਾਲ ਇੱਕ ਪ੍ਰੇਰਨਾਦਾਇਕ ਅਤੇ ਯਾਦਗਾਰੀ ਜਸ਼ਨ ਦੀ ਸ਼ੁਰੂਆਤ ਵਜੋਂ ਕੀਤਾ ਗਿਆ।

ਸਮਾਗਮ ਮੁੱਖ ਮਹਿਮਾਨ ਦੇ ਆਗਮਨ ਨਾਲ ਸ਼ੁਰੂ ਹੋਇਆ, ਜਿਸ ਤੋਂ ਬਾਅਦ ਇੱਕ ਫੁੱਲਾਂ ਦੀ ਵਰਖਾ ਅਤੇ ਇੱਕ ਸੁਆਗਤ ਕੀਤਾ ਗਿਆ। ਇਸ ਪਵਿੱਤਰ ਦੀਵੇ ਜਗਾਉਣ ਵਾਲੇ ਸਮਾਰੋਹ ਨੇ ਸਕੂਲ ਦੇ ਆਭਾ ਨੂੰ ਹੋਰ ਉੱਚਾ ਕੀਤਾ ਕਿਉਂਕਿ ਸਕੂਲ ਨੇ ਰੂਹਾਨੀ ਭਜਨਾਂ - "ਲੱਖ ਖੁਸ਼ੀਆਂ ਪਾਤਸ਼ਾਹੀਆਂ", "ਮੈਨੂੰ ਸ਼ਾਂਤੀ ਦਾ ਚੈਨਲ ਬਣਾਓ", ਇੱਕ ਮਨਮੋਹਕ ਗੀਤਕਾਰੀ ਸਵਾਗਤ, ਅਤੇ ਗੂੰਜਦਾ ਸਕੂਲ ਗੀਤ ਰਾਹੀਂ ਬ੍ਰਹਮ ਅਸੀਸਾਂ ਮੰਗੀਆਂ, ਜਿਸ ਨਾਲ ਸਾਰੇ ਮੌਜੂਦ ਲੋਕਾਂ ਵਿੱਚ ਮਾਣ ਪੈਦਾ ਹੋਇਆ।

ਸਾਥੀਆਂ ਦੁਆਰਾ ਇੱਕ ਸ਼ਾਨਦਾਰ ਸਲਾਮ ਨੇ ਅਗਲੇ ਭਾਗ ਲਈ ਰਾਹ ਪੱਧਰਾ ਕੀਤਾ, ਇੱਕ ਮਨਮੋਹਕ ਗਣੇਸ਼ ਵੰਦਨਾ ਦੁਆਰਾ ਸ਼ਰਧਾ ਦਾ ਪ੍ਰਗਟਾਵਾ ਕੀਤਾ। ਦਰਸ਼ਕ ਕਲਾਸੀਕਲ ਫਿਊਜ਼ਨ ਡਾਂਸ ਦੁਆਰਾ ਮੰਤਰਮੁਗਧ ਹੋ ਗਏ, ਜਿਸਨੇ ਸ਼ਾਮ ਲਈ ਸੱਭਿਆਚਾਰ ਸੁਰ ਸਥਾਪਤ ਕੀਤੀ।

ਸਕੂਲ ਦੀਆਂ ਪ੍ਰਾਪਤੀਆਂ ਨੂੰ "ਦਿ ਪ੍ਰੈਂਬਲ" ਸਿਰਲੇਖ ਵਾਲੀ ਇੱਕ ਦਸਤਾਵੇਜ਼ੀ ਪੇਸ਼ਕਾਰੀ ਦੁਆਰਾ ਪ੍ਰਦਰਸ਼ਿਤ ਕੀਤਾ ਗਿਆ, ਜਿਸ ਵਿੱਚ ਅਕਾਦਮਿਕ ਮੀਲ ਪੱਥਰ ਅਤੇ ਸੰਸਥਾਗਤ ਪ੍ਰਗਤੀ ਨੂੰ ਉਜਾਗਰ ਕੀਤਾ ਗਿਆ। ਇਸ ਤੋਂ ਬਾਅਦ ਪ੍ਰਧਾਨ ਸ਼੍ਰੀ ਜੇ.ਪੀ.ਐਸ. ਜੌਲੀ ਦੁਆਰਾ ਇੱਕ ਆਕਰਸ਼ਕ ਸਵਾਗਤ ਭਾਸ਼ਣ ਦਿੱਤਾ ਗਿਆ। ਇਸ ਤੋਂ ਬਾਅਦ ਦਸਵੀਂ ਤੋਂ ਬਾਰ੍ਹਵੀਂ ਜਮਾਤ ਦੇ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ ਕਰਦੇ ਹੋਏ ਪ੍ਰਸ਼ੰਸਾ ਸਮਾਰੋਹ ਦੁਆਰਾ ਅਕਾਦਮਿਕ ਉੱਤਮਤਾ ਦਾ ਜਸ਼ਨ ਮਨਾਇਆ ਗਿਆ।

ਸ਼ੈਕਸਪੀਅਰ ਦੇ ਸਦੀਵੀ ਕਲਾਸਿਕ, "ਦਿ ਮਰਚੈਂਟ ਆਫ ਵੇਨਿਸ" ਦੇ ਨਾਟਕੀ ਚਿੱਤਰਣ ਨੇ ਇਕੱਠ ਨੂੰ ਮੋਹਿਤ ਕਰ ਦਿੱਤਾ, ਜਿਸ ਵਿੱਚ ਤਾਲਬੱਧ ਪ੍ਰਦਰਸ਼ਨ - "ਆਨ ਦ ਫਲੋਰ", "ਫੈਲ ਇਨ ਲਵ" ਅਤੇ "ਚੈਰੀ ਚੈਰੀ ਲੇਡੀ" ਸ਼ਾਮਲ ਸਨ।

ਮੁੱਖ ਮਹਿਮਾਨ, ਸ਼੍ਰੀ ਬਲਤੇਜ ਪੰਨੂ ਨੇ ਫਿਰ ਸੰਸਥਾ ਦੇ ਯਤਨਾਂ ਅਤੇ ਪ੍ਰਾਪਤੀਆਂ ਦੀ ਪ੍ਰਸ਼ੰਸਾ ਕਰਦੇ ਹੋਏ ਪ੍ਰਸ਼ੰਸਾ ਅਤੇ ਵਧਾਈ ਦੇ ਸ਼ਬਦ ਪੇਸ਼ ਕੀਤੇ। ਧੰਨਵਾਦ ਦੇ ਪ੍ਰਤੀਕ ਵਜੋਂ ਉਨ੍ਹਾਂ ਨੂੰ ਇੱਕ ਵਿਸ਼ੇਸ਼ ਸਮਾਰਕ ਭੇਟ ਕੀਤਾ ਗਿਆ।

ਸੱਭਿਆਚਾਰਕ ਤਿਉਹਾਰ ਮਨੋਰੰਜਨ ਦੀ ਇੱਕ ਜੀਵੰਤ ਲੜੀ ਦੇ ਨਾਲ ਜਾਰੀ ਰਿਹਾ, ਜਿਸ ਵਿੱਚ ਹਰਿਆਣਵੀ ਡਾਂਸ (VII), ਗਰਬਾ, ਐਮਜੇ ਡਾਂਸ, ਇੱਕ ਸ਼ਕਤੀਸ਼ਾਲੀ ਆਰਮੀ ਐਕਟ, ਡਾਂਡੀਆ, ਅਤੇ ਇੱਕ ਫਿਊਜ਼ਨ ਫੋਕ ਪ੍ਰਦਰਸ਼ਨ ਸ਼ਾਮਲ ਸਨ, ਹਰ ਇੱਕ ਵਿਦਿਆਰਥੀਆਂ ਦੀ ਪ੍ਰਤਿਭਾ ਅਤੇ ਉਤਸ਼ਾਹ ਨੂੰ ਦਰਸਾਉਂਦਾ ਸੀ।

NEP 2020 'ਤੇ ਇੱਕ ਵਿਚਾਰਸ਼ੀਲ ਸਿੰਪੋਜ਼ੀਅਮ ਨੇ ਸਕੂਲ ਦੀ ਪ੍ਰਗਤੀਸ਼ੀਲ ਸਿੱਖਿਆ ਪ੍ਰਤੀ ਵਚਨਬੱਧਤਾ ਨੂੰ ਦਰਸਾਇਆ। ਇਹ ਜਸ਼ਨ ਪੰਜਾਬੀ ਸੱਭਿਆਚਾਰ ਦੀਆਂ ਝਲਕਾਂ ਨਾਲ ਆਪਣੇ ਸਿਖਰ 'ਤੇ ਪਹੁੰਚਿਆ, ਜਿਸ ਵਿੱਚ ਇਲੈਕਟ੍ਰਾਈਫਾਇੰਗ ਪ੍ਰਦਰਸ਼ਨ ਸ਼ਾਮਲ ਸਨ:

ਸਕੂਲ ਗਲੀ ਕਲੱਬ ਨੇ ਤਾਜ਼ਗੀ ਭਰੇ ਸੰਗੀਤਕ ਪੇਸ਼ਕਾਰੀਆਂ ਨਾਲ ਮਾਹੌਲ ਨੂੰ ਉੱਚਾ ਕੀਤਾ, ਇਸ ਤੋਂ ਬਾਅਦ ਇੱਕ ਸ਼ਾਨਦਾਰ ਗ੍ਰੈਂਡ ਫਿਨਾਲੇ ਹੋਇਆ ਜਿਸਨੇ ਆਡੀਟੋਰੀਅਮ ਨੂੰ ਰੋਮਾਂਚਕ ਊਰਜਾ ਨਾਲ ਭਰ ਦਿੱਤਾ।

ਪ੍ਰੋਗਰਾਮ ਦਾ ਅੰਤ ਦਿਲੋਂ ਸ਼ੁਕਰਗੁਜ਼ਾਰੀ ਦੇ ਸ਼ਬਦਾਂ ਨਾਲ ਹੋਇਆ, ਸ਼ਾਨਦਾਰ ਜਸ਼ਨ ਦੇ ਕੀਮਤੀ ਪਲਾਂ ਨੂੰ ਕੈਦ ਕੀਤਾ, ਅਤੇ ਅੰਤ ਵਿੱਚ, ਸਭਾ "ਸਾਡਾ ਮਾਣ - ਰਾਸ਼ਟਰੀ ਗੀਤ" ਲਈ ਸ਼ਰਧਾ ਵਿੱਚ ਖੜ੍ਹੀ ਹੋਈ।

## ਪ੍ਰਦੂਸ਼ਣ ਕੰਟਰੋਲ ਬੋਰਡ ਕਰੇਗਾ ਕੂੜਾ ਸਾੜਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ



ਸ਼ਹੀਦ ਭਗਤ ਸਿੰਘ ਨਗਰ, 7 ਦਸੰਬਰ(ਜਤਿੰਦਰ ਪਾਲ ਸਿੰਘ ਕਲੇਰ ਵਾਤਾਵਰਣ ਦੀ ਰੱਖਿਆ ਅਤੇ ਹਵਾ ਦੀ ਗੁਣਵੱਤਾ ਨੂੰ ਸੁਧਾਰਨ ਲਈ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਨਗਰ ਨਿਗਮਾਂ ਅਤੇ ਨਗਰ ਪੰਚਾਇਤਾਂ 'ਚ ਖੁੱਲ੍ਹੇ ਤੌਰ 'ਤੇ ਮਿਊਂਸਪਲ ਸੋਲਿਡ ਵੇਸਟ (ਕੂੜਾ) ਸਾੜਨ ਦੇ ਰੁਝਾਨ ਖ਼ਿਲਾਫ਼ ਸਖ਼ਤ ਕਾਰਵਾਈ ਸ਼ੁਰੂ ਕੀਤੀ ਗਈ ਹੈ। ਸਮਰੱਥ ਅਥਾਰਟੀ ਵੱਲੋਂ ਲਏ ਗਏ ਫੈਸਲਿਆਂ ਅਨੁਸਾਰ, ਖੇਤਰੀ ਦਫ਼ਤਰ ਹੁਸ਼ਿਆਰਪੁਰ ਵੱਲੋਂ ਨਗਰ ਕੌਂਸਲ, ਨਵਾਂਸ਼ਹਿਰ 'ਚ ਵਿਸ਼ੇਸ਼ ਜਾਗਰੂਕਤਾ ਅਤੇ ਸੰਵੇਦਨਸ਼ੀਲਤਾ ਪ੍ਰੋਗਰਾਮ ਕਰਵਾਏ ਗਏ ਤਾਂ ਜੋ ਕੂੜਾ ਸਾੜਨ 'ਤੇ ਪੂਰੀ ਤਰ੍ਹਾਂ ਪਾਬੰਦੀ ਯਕੀਨੀ ਬਣਾਈ ਜਾ ਸਕੇ। ਇਸ ਦੌਰਾਨ ਇੰਜੀ. ਅਰਸ਼ਪ੍ਰੀਤ ਕੌਰ, ਸਹਾਇਕ ਵਾਤਾਵਰਣ ਇੰਜੀਨੀਅਰ ਨੇ ਸਫ਼ਾਈ ਕਰਮਚਾਰੀਆਂ ਨਾਲ ਸਿੱਧਾ ਸੰਵਾਦ ਕੀਤਾ ਅਤੇ ਉਹਨਾਂ ਨੂੰ ਕੂੜਾ ਸਾੜਨ ਨਾਲ ਹੋਣ ਵਾਲੇ ਵਾਤਾਵਰਣ ਅਤੇ ਸਿਹਤ ਸੰਬੰਧੀ ਨੁਕਸਾਨਾਂ ਬਾਰੇ ਜਾਗਰੂਕ ਕੀਤਾ।

ਉਹਨਾਂ ਵੱਲੋਂ ਸੋਲਿਡ ਵੇਸਟ ਮੈਨੇਜਮੈਂਟ ਰੂਲਸ, 2016 ਅਨੁਸਾਰ ਮੁੱਢਲੇ ਪੱਧਰ 'ਤੇ ਛਾਂਟ, ਘਰ -ਘਰ ਤੋਂ ਕੂੜਾ ਇਕੱਠਾ ਕਰਨ ਅਤੇ ਸੁਚੱਜੇ ਢੰਗ ਨਾਲ ਨਿਪਟਾਰਾ ਕਰਨ 'ਤੇ ਜ਼ੋਰ ਦਿੱਤਾ ਗਿਆ। ਨਗਰ ਕੌਂਸਲ, ਨਵਾਂਸ਼ਹਿਰ 'ਚ ਇਸ ਪ੍ਰੋਗਰਾਮ ਦੌਰਾਨ ਸੈਨੀਟੇਸ਼ਨ ਇੰਸਪੈਕਟਰ, ਕਮਿਊਨਿਟੀ ਫੈਸਿਲੀਟੇਟਰ ਅਤੇ ਲਗਭਗ 60 ਸਫ਼ਾਈ ਸੇਵਕ ਸ਼ਾਮਿਲ ਹੋਏ। ਸਾਰੇ ਹਾਜ਼ਰ ਕਰਮਚਾਰੀਆਂ ਵੱਲੋਂ ਕੂੜਾ ਸਾੜਨ ਨੂੰ ਉਤਸਾਹਿਤ ਨਾ ਕਰਨ ਦੀ ਸਾਂਝੀ ਕਸਮ ਲਈ ਗਈ।

## ਕਿੰਗਜ਼ ਅਸਟੇਟ ਨੇ ਬਸੰਤ ਸਿਟੀ ਵਿੱਚ ਆਪਣੇ ਨਵੇਂ ਦਫ਼ਤਰ ਦਾ ਉਦਘਾਟਨ



ਲੁਧਿਆਣਾ 7 ਦਸੰਬਰ (ਕਰਨੈਲ ਸਿੰਘ ਐੱਮ.ਏ.) ਬਸੰਤ ਸਿਟੀ ਚੌਕ, ਸੂਆ ਰੋਡ 'ਤੇ ਸਥਿਤ ਕਿੰਗਜ਼ ਅਸਟੇਟ ਦਾ ਉਦਘਾਟਨ ਅੱਜ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾ ਕੇ ਕੀਤਾ ਗਿਆ ।ਕੰਪਨੀ ਦੇ ਮੁਖੀ ਪ੍ਰਿੰਸ ਵਾਲੀਆ ਅਤੇ ਅਮਨ ਚਾਵਲਾ ਨੇ ਦੱਸਿਆ ਕਿ ਸਾਬਕਾ ਵਿਧਾਇਕ ਭਾਰਤ ਭੂਸ਼ਣ ਆਸ਼ੂ ਅਤੇ ਵਿਧਾਇਕ ਕੁਲਵੰਤ ਸਿੱਧੂ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਦਫ਼ਤਰ ਵਿੱਚ ਜਾਇਦਾਦ ਨਾਲ ਸੰਬੰਧਿਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ, ਮੁੱਖ ਤੌਰ 'ਤੇ ਖੇਤੀਬਾੜੀ ਜਾਇਦਾਦਾਂ, ਫਲੈਟਾਂ, ਵਪਾਰਕ ਜਾਇਦਾਦਾਂ ਆਦਿ ਸਮੇਤ ਜਾਇਦਾਦਾਂ ਨੂੰ ਖਰੀਦਣਾ ਅਤੇ ਵੇਚਣਾ, ਨਿਰਪੱਖ ਸੌਦਿਆਂ ਤੇ ਡੀਲ ਕੀਤੀ ਜਾਵੇਗੀ ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਉਦੇਸ਼ ਆਪਣੇ ਗਾਹਕਾਂ ਨੂੰ ਸ਼ਾਨਦਾਰ ਸਹੂਲਤਾਂ ਅਤੇ ਸੇਵਾਵਾਂ ਪ੍ਰਦਾਨ ਕਰਨਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਜਾਇਦਾਦ ਕਰਜ਼ਿਆਂ ਲਈ ਕਈ ਬੈਂਕਾਂ ਨਾਲ ਸੰਬੰਧ ਹੈ, ਅਤੇ ਇਸ ਲਈ ਗਾਹਕਾਂ ਨੂੰ ਕਰਜ਼ੇ ਦੀਆਂ ਸਹੂਲਤਾਂ ਵੀ ਪ੍ਰਦਾਨ ਕੀਤੀਆਂ ਜਾਣਗੀਆਂ। ਉਨ੍ਹਾਂ ਅੱਗੇ ਕਿਹਾ ਕਿ ਲੁਧਿਆਣਾ ਇੱਕ ਉਦਯੋਗਿਕ ਸ਼ਹਿਰ ਹੈ, ਅਤੇ ਇਸ ਲਈ, ਇੱਥੇ ਜਾਇਦਾਦ ਕਾਰੋਬਾਰ ਨਵੀਆਂ ਉਚਾਈਆਂ 'ਤੇ ਪਹੁੰਚੇਗਾ। ਇਸ ਮੌਕੇ ਡਾ: ਹਰੀ ਸਿੰਘ ਬਰਾੜ, ਇੰਦਰਜੀਤ ਸਿੰਘ, ਪੰਕਜ ਕਾਕਾ, ਨਿਤਿਨ ਥਾਪਰ, ਰਾਕੇਸ਼ ਬਜਾਜ, ਹਰਪ੍ਰੀਤ ਸਿੰਘ ਬੇਦੀ, ਮਨਦੀਪ, ਸੰਜੀਵ ਸੱਚਦੇਵਾ, ਸ਼ੇਰੂ, ਗੁਰਪ੍ਰੀਤ ਬੇਦੀ, ਸਾਹਿਲ ਅਗਰਵਾਲ ਆਦਿ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

## ਸੋਲਿਸ ਨੇ ਪੇਸ਼ ਕੀਤਾ ਜੇਪੀ 975




ਰਣਜੀਤ ਸਿੰਘ ਮਸੌਣ ਰਾਘਵ ਅਰੋੜਾ ਅੰਮ੍ਰਿਤਸਰ, 7 ਦਸੰਬਰ ਇੰਟਰਨੈਸ਼ਨਲ ਟਰੈਕਟਰਜ਼ ਲਿਮਿਟਡ (ਆਈਟੀਆਲ) ਦੇ ਪ੍ਰਮੁੱਖ ਬ੍ਰਾਂਡ ਸੋਲਿਸ ਨੇ ਅੱਜ ਨਵਾਂ ਸੋਲਿਸ ਜੇਪੀ 975 ਲਾਂਚ ਕੀਤਾ ਹੈ, ਜੋ ਭਾਰਤੀ ਕਿਸਾਨੀ ਵਿੱਚ ਇੱਕ ਵੱਡਾ ਕਦਮ ਮੰਨਿਆ ਜਾ ਰਿਹਾ ਹੈ। ਪੂਰੀ ਤਰ੍ਹਾਂ ਨਵੇਂ ਟੈਕਨਾਲੋਜੀ ਪਲੇਟਫਾਰਮ 'ਤੇ ਤਿਆਰ ਕੀਤਾ ਜੇਪੀ 975 ਪ੍ਰਗਤੀਸ਼ੀਲ ਭਾਰਤੀ ਕਿਸਾਨਾਂ ਲਈ ਉੱਚ ਪ੍ਰਦਰਸ਼ਨ ਅਤੇ ਐਪਲੀਕੇਸ਼ਨ ਅਨੁਸਾਰ ਬਣੇ ਟਰੈਕਟਰਾਂ ਦੇ ਨਵੇਂ ਯੁੱਗ ਦੀ ਸ਼ੁਰੂਆਤ ਦਾ ਸੰਕੇਤ ਹੈ।

ਨਵੇਂ ਸੋਲਿਸ ਜੇਪੀ 975 ਵਿੱਚ ਉੱਨਤ ਜੇਪੀ-ਟੈਕ ਵਾਲਾ 4 ਸਿਲੈਂਡਰ ਇੰਜਣ ਹੈ, ਜੋ ਸਖ਼ਤ ਹਾਲਾਤਾਂ ਵਿੱਚ ਵੀ ਸ਼ਾਨਦਾਰ ਕੰਮ ਕਰਨ ਲਈ 10% ਤੱਕ ਵੱਧ ਟੌਰਕ (205 ਐਨਐਮ) ਪ੍ਰਦਾਨ ਕਰਦਾ ਹੈ। ਇਹ ਤਾਕਤਵਰ ਅਤੇ ਈਂਧਨ ਕੁਸ਼ਲ ਇੰਜਣ ਕਿਸਾਨਾਂ ਨੂੰ ਵਧੀਆ ਤਾਕਤ ਅਤੇ ਬਚਤ ਮੁਹੱਈਆ ਕਰਦਾ ਹੈ। ਇਸ ਸੈਗਮੈਂਟ ਵਿੱਚ ਪਹਿਲੀ ਵਾਰੀ, ਟਰੈਕਟਰ ਵਿੱਚ ਭਾਰਤ ਦਾ ਪਹਿਲਾਂ 15F + 5R ਐਪੀਸਾਈਕਲਿਕ ਟ੍ਰਾਂਸਮਿਸ਼ਨ ਦਿੱਤਾ ਗਿਆ ਹੈ, ਜੋ ਵੱਖ-ਵੱਖ ਕਿਸਾਨੀ ਕੰਮਾਂ ਲਈ ਬਿਹਤਰੀਨ ਪ੍ਰਦਰਸ਼ਨ ਦਿੰਦਾ ਹੈ। ਇਸ ਦੇ ਨਾਲ, ਸਾਈਡ-ਸ਼ਿਫਟ ਗੀਅਰ ਕੰਮ ਦੌਰਾਨ ਹੋਰ ਵੀ ਮਸਤੀ ਅਤੇ ਆਸਾਨੀ ਪ੍ਰਦਾਨ ਕਰਦੇ ਹਨ। ਇਸ ਨਵੀਂ ਪੇਸ਼ਕਸ਼ ਬਾਰੇ ਗੱਲ ਕਰਦੇ ਹੋਏ, ਰਮਨ ਮਿੱਤਲ, ਜੋਇੰਟ ਮੈਨੇਜਿੰਗ ਡਾਇਰੈਕਟਰ, ਇੰਟਰਨੈਸ਼ਨਲ ਟਰੈਕਟਰਜ਼ ਲਿਮਿਟਡ, ਨੇ ਕਿਹਾ: "ਜੇਪੀ 975 ਸਾਡੀ ਪੂਰੀ ਤਰ੍ਹਾਂ ਨਵੀਂ ਜੇਪੀ ਸੀਰੀਜ਼ ਦਾ ਪਹਿਲਾ ਮਾਡਲ ਹੈ, ਜੋ ਭਵਿੱਖ ਲਈ ਤਿਆਰ ਨਵੇਂ ਪਲੇਟਫਾਰਮ 'ਤੇ ਡਿਜ਼ਾਇਨ ਕੀਤਾ ਗਿਆ ਹੈ। ਇਹ ਪ੍ਰਗਤੀਸ਼ੀਲ ਭਾਰਤੀ ਕਿਸਾਨਾਂ ਦੀ ਬਦਲਦੀ ਲੋੜਾਂ ਨਾਲ ਇੰਟੈਲੀਜੈਂਟ ਇੰਜੀਨੀਅਰਿੰਗ ਅਤੇ ਉੱਨਤ ਤਕਨਾਲੋਜੀ ਨੂੰ ਜੋੜਦਾ ਹੈ।"

## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਫੇਸ-1, ਦੁੱਗਰੀ ਵਿਖ਼ੇ 19ਵਾਂ ਮਹਾਨ ਕੀਰਤਨ ਸਮਾਗਮ




ਲੁਧਿਆਣਾ (ਕਰਨੈਲ ਸਿੰਘ ਐੱਮ.ਏ.) ਗੁਰੂਦੁਆਰਾ ਸ੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਫੇਸ-1, ਦੁੱਗਰੀ ਵਿਖੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ, ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ19ਵਾਂ ਕੀਰਤਨ ਸਮਾਗਮ ਕਰਵਾਇਆ ਗਿਆ । ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ ਅਤੇ ਗੁਰੂ ਗਿਆਨ ਵਿਹਾਰ ਕੀਰਤਨ ਸੇਵਾ ਸੋਸਾਇਟੀ ਦੇ ਪ੍ਰਧਾਨ ਗੁਰਦੀਪ ਸਿੰਘ ਕਾਲੜਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਜ ਸਵੇਰੇ ਅੰਮ੍ਰਿਤ ਵੇਲੇ ਤੋਂ ਹੀ ਗੁਰਬਾਣੀ ਦਾ ਪ੍ਰਵਾਹ ਆਰੰਭ ਹੋਇਆ। ਜਿਸ ਵਿੱਚ ਪਹਿਲਾਂ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਗਗਨਦੀਪ ਸਿੰਘ, ਅਮਨਦੀਪ ਸਿੰਘ ਦੇ ਜਥੇ ਨੇ ਕੀਰਤਨ ਕੀਤਾ । ਸਮਾਗਮ ਦੌਰਾਨ ਗੁਰੂ ਗਿਆਨ ਵਿਹਾਰ ਦੀ ਇਸਤ੍ਰੀ ਸਤਿਸੰਗ ਸਭਾ ਦੀਆਂ ਬੀਬੀਆਂ ਦੇ ਜਥੇ ਨੇ ਵੀ ਇਲਾਹੀ ਬਾਣੀ ਦੇ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ । ਬਾਅਦ ਵਿੱਚ ਸੰਤ ਬਾਬਾ ਅਮੀਰ ਸ਼ਿੰਘ ਜੀ ਜਵੱਦੀ ਟਕਸਾਲ ਵਾਲਿਆਂ ਦੇ ਕੀਰਤਨ ਜੱਥੇ ਨੇ ਕੀਰਤਨ ਅਤੇ ਸਿਮਰਨ ਨਾਲ ਸੰਗਤ ਨੂੰ ਜੋੜਿਆ। ਗਿਆਨੀ ਗੁਰਵਿੰਦਰ ਸਿੰਘ ਜਵੱਦੀ ਟਕਸਾਲ ਵਾਲਿਆਂ ਨੇ ਗੁਰੂ ਸਾਹਿਬ ਦੀਆਂ ਕੀਤੀਆਂ ਕੁਰਬਾਨੀਆਂ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ । ਭਾਈ ਜਗਤਾਰ ਸਿੰਘ ਖਾਲਸਾ ਹਜ਼ੂਰੀ ਰਾਗੀ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਨੇ ਵੀ ਇਲਾਹੀ ਬਾਣੀ ਦੇ ਕੀਰਤਨ ਸ੍ਰਵਣ ਕਰਵਾਏ ਅਤੇ ਸੰਗਤਾਂ ਨੂੰ ਗੁਰੂ ਜਸ ਨਾਲ ਜੋੜਿਆ । ਉਹਨਾਂ ਤੋਂ ਬਾਅਦ ਭਾਈ ਗੁਰਿੰਦਰਪਾਲ ਸਿੰਘ ਹਜ਼ੂਰੀ ਰਾਗੀ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਨੇ ਸੰਗਤਾਂ ਨੂੰ ਕੀਰਤਨ ਸ੍ਰਵਣ ਕਰਵਾਏ। ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ, ਗੁਰਦੀਪ ਸਿੰਘ ਕਾਲੜਾ, ਉਪਿੰਦਰ ਸਿੰਘ ਚਾਵਲਾ, ਹਰਜੀਤ ਸਿੰਘ ਗਾਂਧੀ ਵੱਲੋਂ ਸਾਂਝੇ ਤੌਰ ਤੇ ਕੀਰਤਨੀ ਜੱਥਿਆਂ ਦਾ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ । ਗੁਰੂ ਗਿਆਨ ਵਿਹਾਰ ਕੀਰਤਨ ਸੇਵਾ ਸੁਸਾਇਟੀ ਦੇ ਵੀਰਾਂ ਵੱਲੋਂ ਵੀ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ ਅਤੇ ਕਮੇਟੀ ਮੈਂਬਰਾਂ ਨੂੰ ਵੀ ਸਨਮਾਨਿਤ ਕੀਤਾ ਗਿਆ ।ਗੁਰੂ ਗਿਆਨ ਵਿਹਾਰ ਕੀਰਤਨ ਸੇਵਾ ਸੁਸਾਇਟੀ ਦੇ ਪ੍ਰਧਾਨ ਗੁਰਦੀਪ ਸਿੰਘ ਕਾਲੜਾ ਅਤੇ ਬੀਬੀ ਇੰਦਰਜੀਤ ਕੌਰ ਦਾ ਵੀ ਸਨਮਾਨ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਕੀਤਾ ਗਿਆ । ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ ਨੇ ਸਾਰੀਆਂ ਆਈਆਂ ਸੰਗਤਾ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਹੋ ਜਿਹੇ ਉਪਰਾਲੇ ਹਮੇਸ਼ਾਂ ਗੁਰੂ ਘਰ ਦੀਆਂ ਕਮੇਟੀਆਂ ਨੂੰ ਕਰਦੇ ਰਹਿਣਾ ਚਾਹੀਦਾ ਹੈ। ਸਮਾਗਮ ਵਿੱਚ ਗੁਰੂ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ, ਚੇਅਰਮੈਨ ਬਲਜੀਤ ਸਿੰਘ ਸੇਠੀ, ਪਰਮਿੰਦਰ ਸਿੰਘ, ਕਰਤਾਰ ਸਿੰਘ ਬਰਾੜ, ਦਰਸ਼ਨ ਸਿੰਘ, ਜਗਮੋਹਨ ਸਿੰਘ, ਸਰਬਜੀਤ ਸਿੰਘ ਚਗਰ, ਮਲਕੀਤ ਸਿੰਘ, ਯਸਪਾਲ ਸਿੰਘ, ਗੁਰਦੀਪ ਸਿੰਘ ਕਾਲੜਾ, ਰਜਿੰਦਰ ਸਿੰਘ ਭਾਟੀਆ, ਸੁਖਵਿੰਦਰ ਪਾਲ ਸਿੰਘ, ਚਰਨਜੀਤ ਸਿੰਘ ਪਾਇਲ, ਮਨਜੀਤ ਸਿੰਘ ਪਾਇਲ, ਦਲਜੀਤ ਸਿੰਘ, ਡਾਕਟਰ ਪ੍ਰੇਮ ਸਿੰਘ ਚਾਵਲਾ, ਤਰਲੋਕ ਸਿੰਘ ਸਚਦੇਵਾ, ਪਰਮਜੀਤ ਸਿੰਘ, ਅਮਰਜੀਤ ਸਿੰਘ, ਬਲਬੀਰ ਸਿੰਘ, ਸੁਰਜੀਤ ਸਿੰਘ, ਹਰਜੀਤ ਸਿੰਘ ਗਾਂਧੀ, ਕੁਲਵੰਤ ਸਿੰਘ, ਉਪਿੰਦਰ ਸਿੰਘ ਚਾਵਲਾ, ਦਰਸਨ ਸਿੰਘ, ਹਰਭਜਨ ਸਿੰਘ, ਇਕਬਾਲ ਸਿੰਘ ਬੀਹਲ, ਸੁਖਵਿੰਦਰ ਸਿੰਘ, ਹਰਪਾਲ ਸਿੰਘ ਕੋਹਲੀ, ਕੁਲਵੀਰ ਸਿੰਘ ਰੋਮੀ, ਜਗਜੀਤ ਸਿੰਘ ਚੋਪੜਾ ,ਜਗਜੀਤ ਸਿੰਘ, ਗੁਰਚਰਨ ਸਿੰਘ, ਅਰੁਣ ਕੁਮਾਰ ਥੰਮਨ, ਸਿਆਮ ਸੁੰਦਰ ਸਿੰਗਲਾ, ਸ਼੍ਰੀ ਰਾਮ ਭਾਟੀਆ ਸ਼ਾਮਲ ਸਨ ।

## ਪ੍ਰੇਮ ਨਗਰ ਸੇਵਾ ਸੁਸਾਇਟੀ ਨੇ ਖੇੜਾ ਰੋਡ ਵਿਖੇ ਕਰਵਾਇਆ 169ਵਾਂ ਮਹੀਨਾਵਾਰ ਰਾਸ਼ਨ ਵੰਡ ਸਮਾਗਮ




ਫਗਵਾੜਾ 7 ਦਸੰਬਰ (ਸ਼ਿਵ ਕੌੜਾ) ਪ੍ਰੇਮ ਨਗਰ ਸੇਵਾ ਸੁਸਾਇਟੀ ਵਲੋਂ ਨਗਰ ਕੌਂਸਲ ਫਗਵਾੜਾ ਦੇ ਸਾਬਕਾ ਪ੍ਰਧਾਨ ਮਲਕੀਅਤ ਸਿੰਘ ਰਗਬੋਤਰਾ ਦੇ ਯਤਨਾਂ ਸਦਕਾ 169ਵਾਂ ਮਾਸਿਕ ਰਾਸ਼ਨ ਵੰਡ ਸਮਾਗਮ ਸੀਨੀਅਰ ਸਿਟੀਜ਼ਨ ਕੇਅਰ ਸੈਂਟਰ ਖੇੜਾ ਰੋਡ ਫਗਵਾੜਾ ਵਿਖੇ ਕਰਵਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਐਨ.ਆਰ.ਆਈ. ਹਰਵਿੰਦਰ ਸਿੰਘ ਸੰਧੂ ਸ਼ਾਮਲ ਹੋਏ। ਉਹਨਾਂ ਨੇ ਆਪਣੇ ਪਿਤਾ ਸਵ. ਸਿੰਗਾਰਾ ਸਿੰਘ ਸੰਧੂ ਦੀ ਨਿੱਘੀ ਯਾਦ 'ਚ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਦੀ ਵੰਡ ਕਰਦਿਆਂ ਸੁਸਾਇਟੀ ਵਲੋਂ ਸਮਾਜ ਸੇਵਾ ਵਿੱਚ ਪਾਏ ਜਾ ਰਹੇ ਯੋਗਦਾਨ ਦੀ ਭਰਪੂਰ ਸ਼ਲਾਘਾ ਕੀਤੀ। ਮਲਕੀਅਤ ਸਿੰਘ ਰਗਬੋਤਰਾ ਨੇ ਦੱਸਿਆ ਕਿ ਸਵ. ਸ਼ਿੰਗਾਰਾ ਸਿੰਘ ਸੰਧੂ ਇੱਕ ਅਧਿਆਪਕ ਅਤੇ ਪ੍ਰੇਮ ਨਗਰ ਇਲਾਕੇ ਦੀ ਸਤਿਕਾਰਤ ਸ਼ਖਸੀਅਤ ਸਨ। ਉਹਨਾਂ ਨੇ ਵਿੱਦਿਆ ਦੇ ਪ੍ਰਸਾਰ ਅਤੇ ਮੁਹੱਲੇ ਦੇ ਵਿਕਾਸ ਲਈ ਹਮੇਸ਼ਾ ਵਢਮੁੱਲਾ ਯੋਗਦਾਨ ਦਿੱਤਾ। ਖੇੜਾ ਰੋਡ ਵਿਖੇ ਸੀਨੀਅਰ ਸਿਟੀਜਨ ਸੈਂਟਰ ਬਨਾਉਣ ਦਾ ਉਪਰਾਲਾ ਵੀ ਉਹਨਾਂ ਵਲੋਂ ਕੀਤਾ ਗਿਆ। ਇਸ ਦੇ ਨਾਲ ਹੀ ਉਹ ਸੀਨੀਅਰ ਸਿਟੀਜਨ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਵੀ ਰਹੇ। ਅਖੀਰ ਵਿੱਚ ਸੁਸਾਇਟੀ ਦੇ ਪ੍ਰਧਾਨ ਸੁਧੀਰ ਸ਼ਰਮਾ ਅਤੇ ਸਕੱਤਰ ਸੁਰਿੰਦਰ ਪਾਲ ਵਲੋਂ ਐਨ.ਆਰ.ਆਈ. ਹਰਵਿੰਦਰ ਸਿੰਘ ਸੰਧੂ ਦਾ ਹਾਰਦਿਕ ਧੰਨਵਾਦ ਕੀਤਾ ਗਿਆ। ਇਸ ਮੌਕੇ ਬ੍ਰਿਜ ਮੋਹਨ ਪੁਰੀ, ਰਮੇਸ਼ ਬਹਿਲ, ਐਸ.ਸੀ. ਚਾਵਲਾ, ਮੋਹਨ ਲਾਲ ਤਨੇਜਾ, ਰਮਨ ਨਹਿਰਾ, ਬਲਦੇਵ ਸ਼ਰਮਾ, ਸੁਧਾ ਬੇਦੀ, ਮਨੀਸ਼ ਕਨੌਜੀਆ ਤੇ ਵੰਦਨਾ ਸ਼ਰਮਾ ਆਦਿ ਹਾਜਰ ਸਨ।

# ਕੱਦ ਗਿੱਲ ਵਿਖੇ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ ਦਾ ਸ਼ਹੀਦੀ ਜੋੜ ਮੇਲਾ

## ਕੌਮ ਦੇ ਨਾਮਵਰ ਬੀਬੀ ਦਲੇਰ ਕੌਰ ਖ਼ਾਲਸਾ ਦੇ ਢਾਡੀ ਅਤੇ ਹੋਰਨਾਂ ਵੱਲੋਂ ਸੰਗਤ ਨੂੰ ਸੁਣਾਇਆ ਜਾਵੇਗਾ ਗੁਰ ਇਤਿਹਾਸ




ਗੁਰਪ੍ਰੀਤ ਸਿੰਘ ਕੱਦ ਗਿੱਲਤਰਨਤਾਰਨ, 7 ਦਸੰਬਰ

ਇਥੋਂ ਨਜ਼ਦੀਕੀ ਪਿੰਡ ਕੱਦ ਗਿੱਲ ਵਿਖੇ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ ਦੇ ਗੁਰਦੁਆਰਾ ਵਿਖੇ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ ਅਤੇ ਸਮੁੱਚੇ ਸ਼ਹੀਦਾਂ ਦੀ ਯਾਦ ਸਲਾਨਾ ਜੋੜ ਮੇਲਾ ਗੁਰਦੁਆਰਾ ਪ੍ਰਬੰਧਕ ਕਮੇਟੀ ਪਿੰਡ ਅਤੇ ਇਲਾਕਾ ਨਿਵਾਸੀਆ ਦੇ ਸਹਿਯੋਗ ਨਾਲ ਬੜੀ ਧੂਮ ਧਾਮ ਤੇ ਸ਼ਰਧਾ ਨਾਲ ਮਨਾਇਆ ਜਾ ਰਿਹਾ। ਜਾਣਕਾਰੀ ਦਿੰਦੇ ਹੋਏ ਗੁਰੂਦੁਆਰਾ ਸਾਹਿਬ ਦੇ ਗ੍ਰੰਥੀ ਕਸ਼ਮੀਰ ਸਿੰਘ, ਕਾਰਜਕਾਰੀ ਪ੍ਰਧਾਨ ਜਤਿੰਦਰ ਸਿੰਘ ਬਾਠ ਗੁਰਪ੍ਰੀਤ ਸਿੰਘ, ਸਤਨਾਮ ਸਿੰਘ, ਜਸਬੀਰ ਸਿੰਘ, ਬਲਜੀਤ ਸਿੰਘ ਆਦਿ ਨੇ ਦੱਸਿਆ ਕਿ 16 ਦਸੰਬਰ ਨੂੰ ਗੁਰੂਦੁਆਰਾ ਸਾਹਿਬ ਵਿਖੇ 4 ਸ੍ਰੀ ਅਖੰਡ ਪਾਠ ਆਰੰਭ ਹੋਣਗੇ 17 ਦਸੰਬਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਛਤਰ ਛਾਇਆ ਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਪਿੰਡ ਕੱਦ ਗਿੱਲ ਵਿਖੇ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ ਜੋ ਸ਼ਾਮ ਵੇਲੇ ਪਿੰਡ ਦੀ ਪਰਿਕਰਮਾ ਕਰਦਾ ਹੋਇਆ ਮੁੜ ਇਸੇ ਹੀ ਗੁਰਦੁਆਰਾ ਸਾਹਿਬ ਵਿਖੇ ਸੰਪੰਨ ਹੋਵੇਗਾ। 18 ਦਸੰਬਰ ਨੂੰ ਖੁੱਲ੍ਹੇ ਪੰਡਾਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਵੇਗਾ। ਇਸ ਮੌਕੇ ਜਿਸ ਵਿੱਚ ਬਾਬਾ ਮੇਜਰ ਸਿੰਘ ਜੀ ਸੋਢੀ ਵਿਸ਼ੇਸ ਤੌਰ ਤੇ ਇਸ ਮੇਲੇ ਵਿੱਚ ਪਹੁੰਚ ਰਹੇ ਹਨ। ਉਨ੍ਹਾਂ ਦੱਸਿਆ ਕਿ ਮੇਲੇ ਸਿੱਖ ਕੌਮ ਦੇ ਮਹਾਨ ਕਵੀਸ਼ਰ ਭਾਈ ਨਿਸ਼ਾਨ ਸਿੰਘ ਝਬਾਲ, ਅਤੇ ਬੀਬੀ ਦਲੇਰ ਕੌਰ ਖਾਲਸਾ ਦੇ ਜਥੇ ਤੇ ਇਲਾਵਾ ਭਾਈ ਸੁਖਦੇਵ ਸਿੰਘ ਹਜੂਰੀ ਰਾਗੀ ਤਰਨਤਾਰਨ ਕਿ ਸੰਗਤ ਨੂੰ ਗੁਰੂ ਜੱਸ ਸੁਣਾ ਕਿ ਨਿਹਾਲ ਕੀਤਾ ਜਾਵੇਗਾ। ਸ਼ਾਮ ਨੂੰ ਮਾਈ ਭਾਗੋ ਅਕੈਡਮੀ ਜਗਤਪੁਰ ਅਤੇ ਬਾਬਾ ਦੀਪ ਸਿੰਘ ਅਕੈਡਮੀ ਮੁਹਾਲੀ ਦੀਆ ਟੀਮਾ ਵਿਚਕਾਰ ਲੜਕੀਆਂ ਮੈਚ ਵਿਸ਼ੇਸ ਖਿੱਚ ਦਾ ਕੇਂਦਰ ਹੋਵੇਗਾ।ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਉਹ ਇਸ ਮੇਲੇ ਵਿੱਚ ਹੁਮ ਹੁਮਾ ਕਿ ਗੁਰੂ ਘਰ ਦੀਆ ਖੁਸ਼ੀਆਂ ਪ੍ਰਾਪਤ ਕਰਨ।

ਪਿੰਡ ਕੱਦਗਿਲ ਦੇ ਗੁਰਦੁਆਰਾ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ ਵਿਖੇ ਮਨਾਏ ਜਾ ਰਹੇ ਸਲਾਨਾ ਜੋੜ ਮੇਲੇ ਦੀਆ ਤਿਆਰੀਆ ਦੀ ਮੀਟਿੰਗ ਕਰਨ ਉਪਰੰਤ ਗੱਲਬਾਤ ਕਰਦੇ ਹੋਏ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਜਤਿੰਦਰ ਸਿੰਘ ਬਾਠ, ਸਤਨਾਮ ਸਿੰਘ, ਅਤੇ ਹੋਰ।

# ਪੰਜਾਬ ਵਾਟਰ ਸਪਲਾਈ ਤੇ ਸੀਵਰੇਜ਼ ਬੋਰਡ ਦੇ ਕਾਮੇਂ 11 ਦਸੰਬਰ ਨੂੰ ਕਰਨਗੇ ਧੂਰੀ ਵਿਖੇ ਝੰਡਾ ਮਾਰਚ



ਮਲਾਗਰ ਖਮਾਣੋਂ ਫ਼ਤਹਿਗੜ੍ਹ ਸਾਹਿਬ,7, ਦਸੰਬਰ

ਪੰਜਾਬ ਵਾਟਰ ਸਪਲਾਈ ਤੇ ਸੀਵਰੇਜ਼ ਬੋਰਡ ਆਊਟਸੋਰਸਿੰਗ ਵਰਕਰਜ਼ ਯੂਨੀਅਨ ਰਜਿ ਦੀ ਪੰਜਾਬ ਪ੍ਰਧਾਨ ਗੁਰਦੇਵ ਸਿੰਘ ਨਿਹੰਗ ਦੀ ਅਗਵਾਈ ਵਿੱਚ ਅਗਲੇ ਸੰਘਰਸ਼ਾਂ ਸਬੰਧੀ ਪੰਜਾਬ ਪੱਧਰੀ ਮੀਟਿੰਗ ਕੀਤੀ ਗਈ। ਇਸ ਮੌਕੇ ਵੱਖ ਵੱਖ ਬੁਲਾਰਿਆਂ ਵੱਲੋਂ ਅਗਲੇ ਸੰਘਰਸ਼ ਲਈ ਵਿਚਾਰਾਂ ਕੀਤੀਆਂ ਗਈਆਂ | ਇਸ ਮੌਕੇ ਜਨਰਲ ਸਕੱਤਰ ਜਗਵੀਰ ਸਿੰਘ ਨੇ ਪ੍ਰੈੱਸ ਬਿਆਨ ਦਿੰਦਿਆਂ ਕਿਹਾ ਕਿ ਪੰਜਾਬ ਵਾਟਰ ਸਪਲਾਈ ਤੇ ਸੀਵਰੇਜ਼ ਬੋਰਡ ਦੇ ਵਿੱਚ ਪਿਛਲੇ ਲੰਬੇ ਅਰਸੇ ਤੋਂ ਨਿਗੂਣੀਆਂ ਤਨਖਾਹਾਂ ਤੇ ਆਊਟਸੋਰਸ ਕਾਮੇਂ ਆਪਣੀਆਂ ਪੰਜਾਬ ਪੱਧਰੀ ਮੰਗਾਂ ਨੂੰ ਲੈ ਕੇ ਪੰਜਾਬ ਸਰਕਾਰ ਨਾਲ ਸੰਘਰਸ਼ ਕਰ ਰਹੇ ਹਨ | ਪਰ ਸਰਕਾਰ ਹੱਕ ਮੰ◌ਗਦੇ ਆਊਟਸੋਰਸ ਕਾਮਿਆਂ ਤੇ ਪਰਚੇ ਪਾ ਕੇ ਉਨਾਂ ਨੂੰ ਜੇਲਾਂ ਵਿੱਚ ਸੁੱਟ ਰਹੀ ਹੈ | ਵਾਟਰ ਸਪਲਾਈ ਤੇ ਸੀਵਰੇਜ਼ ਬੋਰਡ ਮੌੜ ਮੰਡੀ ਦੇ ਆਊਟਸੋਰਸ ਸੀਵਰਮੈਨ ਕਾਮਿਆਂ ਤੇ ਵੀ ਸਰਕਾਰ ਵੱਲੋਂ ਪਰਚੇ ਪਾ ਕੇ ਉਨਾ ਨੂੰ ਜੇਲ ਭੇਜਿਆ ਗਿਆ ਅਤੇ ਨੌਕਰੀ ਤੋਂ ਵੀ ਕੱਢਿਆ ਗਿਆ ਅਤੇ ਜਿਲਾ ਸੰਗਰੂਰ ਬਰਨਾਲਾ ਵਰਕਰਾਂ ਦੀਆਂ ਅਗਸਤ ਮਹੀਨੇ ਦੀਆਂ ਤਨਖਾਹਾਂ ਵੀ ਰੋਕੀਆਂ ਗਈਆਂ | ਮੌੜ ਮੰਡੀ ਦੇ ਪੰਦਰਾਂ ਵਰਕਰਾਂ ਨੂੰ ਨੌਕਰੀ ਤੇ ਬਹਾਲ ਕਰਵਾਉਣ ਲਈ ਅਤੇ ਆਪਣੀਆਂ ਹੱਕੀ ਮੰਗਾਂ ਨੂੰ ਮੰਨਵਾਉਣ ਲਈ 11 ਦਸੰਬਰ ਨੂੰ ਧੂਰੀ ਵਿਖੇ ਝੰਡਾ ਮਾਰਚ ਕੀਤਾ ਜਾਵੇਗਾ ਇਸ ਮੌਕੇ ਸੂਬਾ ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਮੰਡੇਰ ਬੀਰਾ ਸਿੰਘ ਕੁਲਵਿੰਦਰ ਸਿੰਘ ਅਮਰੀਕ ਸਿੰਘ ਬਰਨਾਲਾ ਵਿਨੋਦ ਕੁਮਾਰ ਬਰਨਾਲਾ ਸੰਜੂ ਕੁਮਾਰ ਬੁਢਲਾਡਾ, ਸੱਤਪਾਲ ਸਿੰਘ, ਬੇਅੰਤ ਸਿੰਘ, ਜਗਸੀਰ ਟਾਹਲੀਆਂ, ਗੋਗੀ ਭੀਖੀ, ਸਨੀ

# ਰੋਇਲ ਕਾਨਵੈਂਟ ਸਕੂਲ ਦੇ ਸੀਤਾ ਰਾਮ "ਪ੍ਰਾਈਡ ਆਫ਼ ਸਕੂਲ ਐਵਾਰਡ 2025" ਨਾਲ ਸਨਮਾਨਿਤ




ਸਰਦੂਲਗੜ੍ਹ, 7 ਦਸੰਬਰ (ਕੁਲਵਿੰਦਰ ਕੜਵਲ) — : ਰੋਇਲ ਕਾਨਵੈਂਟ ਸਕੂਲ ਦੇ ਗੁਣੀ ਕਲਰਕ ਸੀਤਾ ਰਾਮ ਨੂੰ ਆਪਣੀ ਨਿਸ਼ਠਾ ਅਤੇ ਸਮਰਪਣ ਭਰੀ ਸੇਵਾ ਲਈ ਦ ਪ੍ਰਾਈਡ ਆਫ਼ ਸਕੂਲ ਐਵਾਰਡ 2025 (ਨੌਨ-ਟੀਚਿੰਗ ਕੇਟਾਗਰੀ) ਨਾਲ ਸਨਮਾਨਿਤ ਕੀਤਾ ਗਿਆ। ਐਵਾਰਡ ਚੰਡੀਗੜ੍ਹ ਯੂਨੀਵਰਸਿਟੀ ਵਿੱਚ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ (ਪੰਜਾਬ) ਵੱਲੋਂ ਦਿੱਤਾ ਗਿਆ।

ਸਕੂਲ ਦੇ ਅਧਿਕਾਰੀਆਂ ਅਤੇ ਸਟਾਫ ਨੇ ਇਸ ਮਾਣ-ਪੱਤਰ ਅਤੇ ਟਰਾਫ਼ੀ ਨਾਲ ਸਨਮਾਨਿਤ ਹੋਣ 'ਤੇ ਸੀਤਾ ਰਾਮ ਨੂੰ ਦਿਲੋਂ ਵਧਾਈ ਦਿੱਤੀ। ਐਫ.ਏ.ਪੀ. ਨੇ ਆਪਣੇ ਨਿਯੌਤੇ ਵਿੱਚ ਉਨ੍ਹਾਂ ਦੇ ਸਕੂਲ ਤਰੱਕੀ ਵਿੱਚ ਅਮੋਲਕ ਯੋਗਦਾਨ ਨੂੰ ਸਲਾਹਯੋਗ ਮੰਨਿਆ।

ਇਸ ਮੌਕੇ ਸਕੂਲ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਸ੍ਰੀ ਮੋਹਿਤ ਜੈਨ, ਵਾਈਸ-ਚੇਅਰਮੈਨ ਸ੍ਰੀ ਮਨੀਸ਼ ਮੰਗਲਾ, ਪ੍ਰਿੰਸੀਪਲ ਮੈਡਮ ਪਰਮਪਾਲ ਕੌਰ ਅਤੇ ਸਟਾਫ ਨੇ ਉਨ੍ਹਾਂ ਨੂੰ ਦਿਲੋਂ ਵਧਾਈ ਦਿੱਤੀ ਅਤੇ ਉਮੀਦ ਜਤਾਈ ਕਿ ਉਹ ਭਵਿੱਖ ਵਿੱਚ ਵੀ ਸਮਰਪਿਤ ਤੌਰ 'ਤੇ ਸੇਵਾ ਕਰਦੇ ਰਹਿਣਗੇ ਅਤੇ ਸਫਲਤਾ ਦੇ

# ਪਿੰਡ ਘੁੰਨਸ ਵਿਖੇ ਨੌਜਵਾਨ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ,ਪੁਰਾਣੀ ਰੰਜਿਸ਼ ਦੇ ਚਲਦਿਆਂ ਦਿੱਤਾ ਵਾਰਦਾਤ ਨੂੰ ਅੰਜਾਮ

## ਪੁਲਿਸ ਨੇ ਅੱਧੀ ਦਰਜਨ ਦੇ ਕਰੀਬ ਵਿਅਕਤੀਆਂ ਵਿਰੁੱਧ ਕੀਤਾ ਮਾਮਲਾ ਦਰਜ



ਤਪਾ ਮੰਡੀ,7 ਦਸੰਬਰ (ਧੀਮਾਨ)

ਬੀਤੀ ਰਾਤ ਨਜ਼ਦੀਕੀ ਪਿੰਡ ਘੁੰਨਸ ਵਿਖੇ ਉਸ ਸਮੇਂ ਸਨਸਨੀ ਫੈਲ ਗਈ, ਜਦੋਂ ਕੁਝ ਵਿਅਕਤੀਆਂ ਨੇ ਪੁਰਾਣੀ ਰੰਜਿਸ਼ ਦੇ ਚਲਦਿਆਂ ਇੱਕ ਨੌਜਵਾਨ ਦਾ ਤੇਜ਼ਧਾਰ ਹਥਿਆਰਾਂ ਨਾਲ ਬੇਰਹਿਮੀ ਨਾਲ ਕਤਲ ਕਰ ਦਿੱਤਾ,ਜਿਸ ਨੂੰ ਲੈ ਕੇ ਪੁਲਿਸ ਨੇ ਅੱਧੀ ਦਰਜਨ ਦੇ ਕਰੀਬ ਵਿਅਕਤੀਆਂ ਵਿਰੁੱਧ ਮਾਮਲਾ ਦਰਜ ਕੀਤਾ ਹੈ।ਜਦਕਿ ਮ੍ਰਿਤਕ ਦੇ ਸਰੀਰ ਨੂੰ ਪੋਸਟਮਾਰਟਮ ਲਈ ਬਰਨਾਲਾ ਹਸਪਤਾਲ ਭੇਜ ਦਿੱਤਾ ਹੈ। ਮਾਮਲੇ ਸੰਬੰਧੀ ਜਾਣਕਾਰੀ ਦਿੰਦੇ ਹੋਏ ਡੀ.ਐਸ.ਪੀ ਤਪਾ ਗੁਰਪ੍ਰੀਤ ਸਿੰਘ ਸਿੱਧੂ ਅਤੇ ਥਾਣਾ ਮੁਖੀ ਸ਼ਰੀਫ ਖਾਨ ਨੇ ਸਾਂਝੇ ਤੌਰ ਤੇ ਦੱਸਿਆ ਕਿ ਪੁਲਿਸ ਪਾਸ ਮ੍ਰਿਤਕ ਤਰਸੇਮ ਸਿੰਘ ਉਰਫ ਸੇਮੀ ਦੇ ਭਰਾ ਰੇਸਮ ਸਿੰਘ ਉਰਫ ਰੇਸੀ ਪੁੱਤਰ ਬੂਟਾ ਸਿੰਘ ਵਾਸੀ ਚੰਡੀਗੜ ਬਸਤੀ ਘੁੰਨਸ ਨੇ ਬਿਆਨ ਕਲਮਬੱਧ ਕਰਵਾਏ ਹਨ ਕਿ ਮੇਰਾ ਭਰਾ ਪਿੰਡ ਮਹਿਤਾ ਵਿਖੇ ਬੱਕਰੀਆ ਚਾਰਨ ਦਾ ਕੰਮ ਕਰਦਾ ਸੀ ਅਤੇ ਕਦੇ-ਕਦੇ ਘਰ ਪਿੰਡ ਘੁੰਨਸ ਆ ਜਾਦਾ ਸੀ। ਬੀਤੀ ਰਾਤ ਮੇਰਾ ਭਰਾ ਤਰਸੇਮ ਸਿੰਘ ਅਤੇ ਉਸਦਾ ਸਾਥੀ ਜੋ ਅਲਟੋ ਕਾਰ ਤੇ ਸਵਾਰ ਹੋ ਕੇ ਆਏ ਸਨ,ਮੇਨ ਹਾਈਵੇ ਵੱਲ ਜਾਂਦੀ ਲਿੰਕ ਰੋਡ ਪਰ ਬਣੇ ਸਰਾਬ ਦੇ ਠੇਕੇ ਤੇ ਖੜੇ ਸਨ, ਜਿੰਨਾ ਨਾਲ ਪਿੰਡ ਦੇ ਹੀ ਕੁਝ ਵਿਅਕਤੀ ਕਿਸੇ ਗੱਲ ਨੂੰ ਲੈ ਕੇ ਲੜਾਈ ਝਗੜਾ ਕਰਨ ਲੱਗ ਪਏ ਦਾ ਪਤਾ ਲੱਗਣ ਤੇ ਮੈਂ ਤੁਰੰਤ ਉਥੇ ਪੁੱਜਾ ਜਿਥੇ ਸਾਡੇ ਗੁਆਂਢੀਆਂ ਦੇ ਲੜਕੇ ਮੇਰੇ ਭਰਾ ਅਤੇ ਉਸਦੇ ਸਾਥੀ ਨਾਲ ਕਿਸੇ ਪੁਰਾਣੇ ਰੰਜਿਸ਼ ਨੂੰ ਲੈ ਕੇ ਲੜਾਈ ਝਗੜਾ ਕਰ ਰਹੇ ਸੀ, ਦੇਖਦੇ ਹੀ ਦੇਖਦੇ ਇੱਕ ਵਿਅਕਤੀ ਨੇ ਮੌਕਾ ਤੋਂ ਡਾਂਗ ਚੁੱਕ ਕਿ ਉਨ੍ਹਾਂ ਦੀ ਆਲਟੋ ਕਾਰ ਦਾ ਸੀਸ਼ਾ ਭੰਨ ਦਿੱਤਾ ਅਤੇ ਮੇਰੇ ਭਰਾ ਨੂੰ ਜਾਨੋ ਮਾਰਨ ਦੀਆ ਧਮਕੀਆ ਦੇਣ ਲੱਗੇ, ਇਸੇ ਦੌਰਾਨ ਪਤਾ ਲੱਗਣ ਤੇ ਮੇਰੇ ਭਰਾ ਦੇ ਹੋਰ ਸਾਥੀ ਆਪਣੀ ਵਰਨਾ ਕਾਰ ਵਿਚ ਸਵਾਰ ਹੋਕਰ ਆ ਗਏ,ਜਿਸ ਉਪਰੰਤ ਮੈ ਝਗੜਾ ਕਰਨ ਤੇ ਰੋਕਦੇ ਹੋਏ ਸਮਝਾ ਕਿ ਘਰ ਭੇਜ ਦਿੱਤੇ ਅਤੇ ਮੇਰਾ ਭਰਾ ਸਮੇਤ ਆਪਣੇ ਸਾਥੀਆ ਨਾਲ ਵਰਨਾ ਕਾਰ ਵਿਚ ਸਵਾਰ ਹੋ ਕੇ ਘਰ ਕੱਪੜੇ ਚੁੱਕਣ ਆਏ ਤਾਂ ਉਥੇ ਫਿਰ ਦੁਬਾਰਾ ਉਕਤ ਵਿਅਕਤੀ ਤੇਜ਼ਧਾਰ ਹਥਿਆਰਾਂ ਨਾਲ ਲੈਸ ਹੋ ਕੇ ਆ ਗਏ, ਜਿੰਨਾ ਆਉਦਿਆ ਸਾਰ ਹੀ ਪਹਿਲਾ ਤਾਂ ਇੱਟਾ ਰੋੜੇ ਮਾਰਨੇ ਸੁਰੂ ਕਰ ਦਿੱਤੇ ਫਿਰ ਹਥਿਆਰਾਂ ਨਾਲ ਕਾਰ ਦੀ ਭੰਨ ਤੋੜ ਕਰ ਦਿੱਤੀ,ਜਿਸ ਤੇ ਗੱਡੀ ਵਿਚ ਸਵਾਰ ਵਿਅਕਤੀ ਮਨਦੀਪ ਸਿੰਘ ਅਤੇ ਹਰਦੀਪ ਸਿੰਘ ਆਪੋ ਅਪਣਾ ਬਚਾਅ ਕਰਦੇ ਹੋਏ ਗੱਡੀ ਵਿਚੋਂ ਉਤਰੇ ਜਦਕਿ ਮੇਰਾ ਭਰਾ ਤਰਸੇਮ ਸਿੰਘ ਜੋ ਵਰਨਾ ਕਾਰ ਦੀ ਪਿਛਲੀ ਸੀਟ ਪਰ ਬੈਠਾ ਸੀ ਅਤੇ ਆਪਣੇ ਬਚਾਅ ਲਈ ਹੇਠਾਂ ਉਤਰਨ ਲੱਗਾ ਤਾਂ ਉਕਤ ਵਿਅਕਤੀਆਂ ਨੇ ਉਸ ਉੱਪਰ ਹਥਿਆਰਾਂ ਨਾਲ ਹਮਲਾ ਕਰਕੇ ਗੰਭੀਰ ਰੂਪ 'ਚ ਜ਼ਖਮੀ ਕਰ ਦਿੱਤਾ, ਜਿਸਦੀ ਮੌਕੇ ਪਰ ਹੀ ਮੌਤ ਹੋ ਗਈ। ਇਸ ਘਟਨਾ ਮੌਕੇ ਜਦ ਪਿੰਡ ਵਾਸੀਆਂ ਦਾ ਇਕੱਠ ਹੋਣ ਲੱਗਾ ਤਾ ਉਕਤਾਨ ਸਾਰੇ ਜਣੇ ਮੌਕਾ ਤੇ ਆਪੋ ਆਪਣੇ ਹਥਿਆਰਾਂ ਸਮੇਤ ਭੱਜ ਗਏ। ਵਜਾ ਰੰਜ਼ਿਸ ਇਹ ਹੈ ਕਿ ਉਕਤਾਨ ਸਾਰੇ ਵਿਅਕਤੀ ਸਾਡੇ ਮੁਹੱਲੇ ਵਿਚ ਹਮੇਸਾ ਲੜਾਈ ਝਗੜਾ ਕਰਨ ਦੇ ਆਦਿ ਹਨ ਅਸੀ ਉਕਤਾਨ ਵਿਅਕਤੀਆ ਦਾ ਇਸ ਗੱਲੋ ਵਿਰੋਧ ਕਰਦੇ ਸੀ ਜਿਸ ਕਰਕੇ ਇਹ ਵਿਅਕਤੀ ਸਾਡੇ ਨਾਲ ਪਹਿਲਾ ਤੋਂ ਹੀ ਖਾਰ ਖਾਦੇ ਹਨ।

ਪੁਲਿਸ ਨੇ ਦੋਸ਼ੀਆਂਨ ਜੋਨੀ ਸਿੰਘ ਪੁੱਤਰ ਨਿਰਮਲ ਸਿੰਘ, ਅਮ੍ਰਿਤਪਾਲ ਸਿੰਘ ਉਰਫ ਰੋਡੂ ਪੁੱਤਰ ਦਰਸਨ ਸਿੰਘ ਸਿੰਕਦਰ ਸਿੰਘ ਉਰਫ ਨੂਰੀ ਪੁੱਤਰ ਦਰਸਨ ਸਿੰਘ, ਗੁਰਦੀਪ ਸਿੰਘ ਉਰਫ ਬੱਛਾ ਪੁੱਤਰ ਪੱਪੂ ਸਿੰਘ, ਗੁਰਪ੍ਰੀਤ ਸਿੰਘ ਉਰਫ ਗੋਪੀ ਪੁੱਤਰ ਦਰਸਨ ਸਿੰਘ ਵਾਸੀਆਨ ਘੁੰਨਸ ਪਰ ਵੱਖ ਵੱਖ ਧਰਾਵਾਂ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਫਿਲਹਾਲ ਪੁਲਿਸ ਵੱਲੋਂ ਦੋਸ਼ੀਆਂਨ ਦੀ ਗ੍ਰਿਫਤਾਰੀ ਨੂੰ ਲੈ ਕੇ ਛਾਪੇਮਾਰੀ ਕੀਤੀ ਜਾ ਰਹੀ ਹੈ। ਉਧਰ ਦੂਜੇ ਪਾਸੇ ਇਸ ਘਟਨਾ ਨਾਲ ਜਿੱਥੇ ਪਿੰਡ ਵਿਚ ਦਹਿਸ਼ਤ ਦਾ ਮਾਹੌਲ ਹੈ, ਉਥੇ ਹੀ ਪਰਿਵਾਰ ਦਾ ਰੋ-ਰੋ ਕੇ ਬੁਰਾ ਹਾਲ ਹੋਇਆ ਪਿਆ ਹੈ ਅਤੇ ਪਿੰਡ ਵਿੱਚ ਵੀ ਸੋਗ ਦਾ ਮਾਹੌਲ ਹੈ।ਪਰਿਵਾਰ ਨੇ ਪੁਲਿਸ ਤੋਂ ਇਨਸਾਫ਼ ਦੀ ਮੰਗ ਕੀਤੀ ਹੈ ਅਤੇ ਦੋਸ਼ੀਆਂਨ ਖਿਲਾਫ ਸਖ਼ਤ ਤੋਂ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ

# ਗੁਰੂ ਨਾਨਕ ਦੇਵ ਸੇਵਾ ਸੁਸਾਇਟੀ ਕੈਲੀਫੋਰਨੀਆ ਵੱਲੋਂ ਕੌਮ ਦੇ ਮਹਾਨ ਜਰਨੈਲ ਬਾਬਾ ਜੀਵਨ ਸਿੰਘ ਜੀ ਰੰਗਰੇਟਾ ਗੁਰੂ ਕਾ ਬੇਟਾ ਦੀ ਅੱਠਵੀਂ ਪੀੜ੍ਹੀ ਨੂੰ ਸੋਨੇ ਦੇ ਸਿੱਕੇ ਨਾਲ ਕੀਤਾ ਸਨਮਾਨਿਤ।





ਪਰਗਟ ਸਿੰਘ ਸਿੱਧਵਾਂ ਤਰਨ ਤਾਰਨ 7 ਦਿਸੰਬਰ ਗੁਰੂ ਨਾਨਕ ਦੇਵ ਜੀ ਇੰਟਰਨੈਸ਼ਨਲ ਸੇਵਾ ਸੁਸਾਇਟੀ ਕੈਲੀਫੋਰਨੀਆ ਯੂ ਐਸ ਏ ਦੇ ਮੁੱਖ ਸੇਵਾਦਾਰ ਭਾਈ ਸਾਹਿਬ ਭਾਈ ਮਨਜੀਤ ਸਿੰਘ ਜੀ ਵੱਲੋਂ ਹੁਕਮ ਸੀ ਕਿ 350 ਸਾਲਾ ਸ਼ਹੀਦੀ ਸ਼ਤਾਬਦੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਗੁਰੂ ਦੇ ਸਿੱਖ ਭਾਈ ਮਤੀ ਦਾਸ ਜੀ ਭਾਈ ਸਤੀ ਦਾਸ ਭਾਈ ਦਿਆਲਾ ਜੀ ਦੀ ਸ਼ਹਾਦਤ ਨੂੰ ਪ੍ਰਣਾਮ ਲਈ ਖਾਲਸੇ ਦੀ ਜਨਮ ਭੂਮੀ ਤੇ ਨਤਮਸਤਕ ਹੋਣ ਲਈ ਹੁਕਮ ਲਾਇਆ ਸੀ। ਅੱਜ ਮੈਂ ਤੇ ਛੋਟਾ ਵੀਰ ਅਰਸ਼ਦੀਪ ਸਿੰਘ ਕੈਨੇਡਾ ਵਾਲੇ ਸੰਗਤ ਸਮੇਤ ਗੁਰੂ ਘਰਾਂ ਦੇ ਦਰਸ਼ਨ ਕੀਤੇ। ਇਸ ਮੌਕੇ ਕੌਮ ਦੇ ਮਹਾਨ ਜਰਨੈਲ ਬਾਬਾ ਜੀਵਨ ਸਿੰਘ ਦੇ ਪਾਵਨ ਸਥਾਨ ਦੀ ਸੇਵਾ ਨਿਭਾ ਰਹੇ ਬਾਬਾ ਜੀਵਨ ਸਿੰਘ ਜੀ ਦੀ ਅੱਠਵੀਂ ਪੀੜ੍ਹੀ ਦੇ ਵਾਰਸ ਬਾਬਾ ਤੀਰਥ ਸਿੰਘ ਜੀ ਜਿੰਨਾ ਨੂੰ ਸੋਨੇ ਦੇ ਸਿੱਕੇ ਨਾਲ ਸਨਮਾਨਿਤ ਕਰਨਾ ਸੀ। ਬਾਬਾ ਜੀ ਨਾ ਮਿਲਣ ਕਰਕੇ ਭੇਟਾ ਮਾਤਾ ਜੀ ਸੌਂਪੀ ਗਈ। ਮਾਤਾ ਜੀ ਵੱਲੋਂ ਅਥਾਹ ਪਿਆਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਨਿਵਾਜਿਆ ਗਿਆ। ਇਸ ਮੌਕੇ ਭਾਈ ਅਰਸ਼ਦੀਪ ਸਿੰਘ ਕੈਨੇਡਾ ਭਾਈ ਪਰਗਟ ਸਿੰਘ ਸਿੱਧਵਾਂ ਭਾਈ ਗੱਜਣ ਸਿੰਘ ਭਾਈ ਦਿਲਬਾਗ ਸਿੰਘ ਭਾਈ ਪ੍ਰਭਨੂਰ ਸਿੰਘ ਹਾਜ਼ਰ ਸਨ।

ਚਰਨਜੀਤ ਸਿੰਘ ਨੇ ਦੱਸਿਆ ਕਿ ਪ੍ਰੀਖਿਆ ਕੇਂਦਰਾਂ ਵਿੱਚ ਸੀ.ਸੀ.ਟੀ.ਵੀ. ਕੈਮਰੇ, ਵੀਡੀਓਗ੍ਰਾਫ਼ੀ, ਬਾਇਓਮੀਟ੍ਰਿਕ , ਜੈਮਰਾਂ ਸਮੇਤ ਪੂਰੇ ਸੁਰੱਖਿਆ ਬੰਦੋਬਸਤ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਉਮੀਦਵਾਰਾਂ ਦੀ ਸਹੂਲਤ ਲਈ ਇਸ ਪ੍ਰੀਖਿਆ ਲਈ ਦਾਖਲਾ ਕਾਰਡ ਤੇ ਹਦਾਇਤਾਂ ਪ੍ਰੀਖਿਆ ਦੀ ਮਿਤੀ ਤੋਂ ਲਗਭਗ ਦਸ ਦਿਨ ਪਹਿਲਾਂ ਕਮਿਸ਼ਨ ਦੀ ਵੈੱਬਸਾਈਟ 'ਤੇ ਅਪਲੋਡ ਕਰ ਦਿੱਤੇ ਗਏ ਸਨ।

# ਕੱਕੜ ਨੇ ਵਿਧਾਇਕ ਸਰਕਾਰੀਆ ਅਤੇ ਦਿਲਰਾਜ ਸਰਕਾਰੀਆ ਤੇ ਕੀਤੇ ਨਜਾਇਜ਼ ਪਰਚੇ ਦੀ ਕੀਤੀ ਕਰੜੀ ਨਿੰਦਾ

## ਸਰਪੰਚ ਸੁਰਜੀਤ ਤੇ ਕਰਵਾਏ ਹਮਲੇ ਲਈ ਸੋਨੀਆ ਮਾਨ ਤੇ ਹੋਵੇ ਪਰਚਾ ਦਰਜ, ਆਪ ਸਰਕਾਰ ਵੱਲੋਂ ਚਾੜ੍ਹੀ ਭਾਜੀ 2027 'ਚ ਵਿਆਜ਼ ਸਮੇਤ ਮੋੜਾਂਗੇ- ਕੱਕੜ



ਰਣਜੀਤ ਸਿੰਘ ਮਸੌਣ ਜੋਗਾ ਸਿੰਘ ਰਾਜਪੂਤ ਅੰਮ੍ਰਿਤਸਰ, 7 ਦਸੰਬਰ- ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਵਿੱਚ ਆਪਣੀ ਹਾਰ ਨੂੰ ਵੇਖਦਿਆਂ ਬੁਖਲਾਹਟ ਵਿੱਚ ਆਈ ਆਪ ਸਰਕਾਰ ਨੇ ਪੰਜਾਬ ਦੇ ਸਾਬਕਾ ਮੰਤਰੀ ਅਤੇ ਵਿਧਾਇਕ ਸੁੱਖਬਿੰਦਰ ਸਿੰਘ ਸਰਕਾਰੀਆ ਅਤੇ ਜ਼ਿਲ੍ਹਾ ਪ੍ਰੀਸ਼ਦ ਦੇ ਸਾਬਕਾ ਚੇਅਰਮੈਨ ਦਿਲਰਾਜ ਸਿੰਘ ਸਰਕਾਰੀਆ ਤੇ ਨਜਾਇਜ਼ ਪਰਚੇ ਦਰਜ ਕਰਵਾਇਆ ਹੈ।

ਪਰਚਾ ਤਾਂ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਹਲਕਾ ਇੰਚਾਰਜ਼ ਸੋਨੀਆ ਮਾਨ ਤੇ ਹੁਣਾਂ ਚਾਹੀਦਾ ਹੈ, ਜਿਸਨੇ ਭਿੰਡੀ ਸੈਦਾਂ ਦੇ ਸਰਪੰਚ ਸੁਰਜੀਤ ਸਿੰਘ ਅਤੇ ਉਸਦੇ ਪਰਿਵਾਰ ਤੇ ਹਮਲਾ ਕਰਵਾਇਆ। ਉਕਤ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਦੇ ਸਾਬਕਾ ਮੰਤਰੀ ਅਤੇ ਵਿਧਾਇਕ ਸੁੱਖਬਿੰਦਰ ਸਿੰਘ ਸਰਕਾਰੀਆ ਦੇ ਮੀਡੀਆ ਸਲਾਹਕਾਰ ਅਤੇ ਜ਼ਿਲ੍ਹਾ ਕਾਂਗਰਸ ਕਮੇਟੀ ਅੰਮ੍ਰਿਤਸਰ ਦਿਹਾਤੀ ਦੇ ਮੁੱਖ ਬੁਲਾਰੇ ਅਮਨਦੀਪ ਸਿੰਘ ਕੱਕੜ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਜੇਕਰ ਦਰਜ ਕੀਤੇ ਨਜਾਇਜ਼ ਪਰਚੇ ਨੂੰ ਇੱਕ ਹਫ਼ਤੇ ਦੇ ਵਿੱਚ ਰੱਦ ਨਾ ਕੀਤਾ ਤਾਂ ਸਮੂਹ ਕਾਂਗਰਸੀ ਆਗੂ ਅਤੇ ਵਰਕਰ ਸੜਕਾਂ ਤੇ ਉੱਤਰਨ ਲਈ ਮਜ਼ਬੂਰ ਹੋਣਗੇ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਚਾੜ੍ਹੀ ਇਹ ਭਾਜੀ 2027 ਦੀਆਂ ਚੋਣਾਂ ਵਿੱਚ ਵਿਆਜ਼ ਸਮੇਤ ਮੋੜਾਂਗੇ।

ਕੱਕੜ ਨੇ ਕਿਹਾ ਪਿਛਲੇ ਦਿਨੀਂ ਚੌਗਾਵਾਂ ਵਿਖੇ ਇੱਕ ਕਿਸਾਨ ਦੀ ਕਣਕ ਹਲਕਾ ਇੰਚਾਰਜ਼ ਸੋਨੀਆ ਮਾਨ ਦੀ ਸ਼ਹਿ ਤੇ ਝੋਨੇ ਦੀ ਫ਼ਸਲ ਵੱਢੀ ਗਈ, ਥਾਣਾ ਲੋਪੋਕੇ ਸਾਹਮਣੇਂ ਧਰਨਾ ਦੇ ਰਹੇ ਕਿਸਾਨਾਂ ਤੇ ਟਰੈਕਟਰ ਚੜ੍ਹਵਾਕੇ ਸੋਨੀਆ ਮਾਨ ਨੇ ਉਨ੍ਹਾਂ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕਰਵਾਈ। ਕੱਕੜ ਨੇ ਪੁਲਿਸ ਪ੍ਰਸ਼ਾਸਨ ਨੂੰ ਕਿਹਾ ਕਿ ਉਹ ਆਪ ਸਰਕਾਰ ਦੇ ਹੱਥਠੋਕੇ ਨਾ ਬਣਨ, ਆਪਣੀ ਡਿਊਟੀ ਇਮਾਨਦਾਰੀ ਨਾਲ ਅਤੇ ਆਪਣੀ ਜ਼ਮੀਰ ਦੀ ਅਵਾਜ਼ ਸੁਣ ਕੇ ਨਿਭਾਉਣ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਸਿਰਫ਼ ਇੱਕ ਸਾਲ ਹੀ ਰਹਿ ਗਿਆ ਹੈ। 2027 ਵਿੱਚ ਕਾਂਗਰਸ ਦੀ ਸਰਕਾਰ ਬਣਨੀ ਤਹਿ ਹੈ। ਆਪ ਸਰਕਾਰ ਵੱਲੋਂ ਕਾਂਗਰਸ ਪਾਰਟੀ ਤੇ ਕੀਤੀਆਂ ਹਰ ਧੱਕੇਸਾਹੀਆਂ ਦਾ ਮੂੰਹ ਤੋੜ ਜਵਾਬ ਦੇਵਾਂਗੇ।

ਇਸ ਮੌਕੇ ਉਨ੍ਹਾਂ ਨਾਲ ਕੁਲਦੀਪ ਸਿੰਘ ਛੀਨਾ ਜਨਰਲ ਸਕੱਤਰ ਪੰਜਾਬ, ਰਵੀ ਕੁਮਾਰ ਪੀ.ਏ ਸਰਕਾਰੀਆ, ਜਸਪਾਲ ਸਿੰਘ ਭੱਟੀ ਪ੍ਰਧਾਨ ਰਾਜਾਸਾਂਸੀ, ਲਖਵਿੰਦਰ ਸਿੰਘ ਝੰਜੋਟੀ ਬਲਾਕ ਪ੍ਰਧਾਨ ਹਰਸਾ ਛੀਨਾ, ਹਰਭੇਜ ਸਿੰਘ ਵਣੀਂਏਕੇ ਬਲਾਕ ਪ੍ਰਧਾਨ ਚੌਗਾਵਾਂ, ਜਸਕਰਨ ਸਿੰਘ ਕੋਹਰੀ, ਬਬਲੂ ਰਾਜਾਸਾਂਸੀ, ਅਜੇਬੀਰ ਸਿੰਘ ਲੋਪੋਕੇ ਮੀਤ ਪ੍ਰਧਾਨ, ਮੇਜ਼ਰ ਸਿੰਘ ਕੱਕੜ ਮੀਤ ਪ੍ਰਧਾਨ, ਨਿੰਦਰ ਲੋਪੋਕੇ, ਸਰਪੰਚ ਸੋਨਾ ਸਿੱਧੂ ਬਲੱਗਣ, ਗੁਰਮੇਜ ਸਿੰਘ ਬਬਲਾ ਕੋਟਲਾ, ਬਲਦੇਵ ਸਿੰਘ ਮੰਝ, ਡਾ.ਪ੍ਰਗਟ ਸਿੰਘ ਭੁੱਲਰ, ਇੰਦਰਪਾਲ ਸਿੰਘ ਲਾਲੀ, ਸ਼ਮਸ਼ੇਰ ਸਿੰਘ ਸਾਰੰਗੜਾ, ਗੁਰਮੀਤ ਸਿੰਘ ਡਾਲਾ, ਬਲਜੀਤ ਸਿੰਘ ਪੰਡੋਰੀ, ਕੁਲਦੀਪ ਸਿੰਘ ਔਲਖ ਚੌਗਾਵਾਂ, ਸੁਖਦੇਵ ਸਿੰਘ ਵਣੀਏਕੇ, ਹਰਕੰਵਲਜੀਤ ਸਿੰਘ ਹੈਪੀ ਅਦਲੀਵਾਲ, ਹਰਪਾਲ ਸਿੰਘ ਸਰਪੰਚ ਤੋਲਾ ਨੰਗਲ, ਲਖਵਿੰਦਰ ਸਿੰਘ ਭਿੱਟੇਵੱਡ, ਸਤਿੰਦਰਪਾਲ ਸਿੰਘ ਛੀਨਾ, ਗੁਰਜੰਟ ਸਿੰਘ ਮੁੱਧ, ਰਿੰਕੂ ਚੋਗਾਵਾਂ, ਰਿੰਕੂ ਕੋਹਾਲੀ, ਲਖਬੀਰ ਸਿੰਘ ਕੋਹਾਲੀ, ਬਲਵਿੰਦਰ ਸਿੰਘ ਕੋਹਾਲੀ, ਨਰਿੰਦਰ ਸਿੰਘ ਹੇਤਮਪੁਰਾ, ਸੂਬਾ ਸਿੰਘ ਹੇਤਮਪੁਰਾ, ਸੂਬਾ ਸਿੰਘ ਪੰਜੂਰਾਏ, ਸੁਖਦੇਵ ਸਿੰਘ ਨੱਥੂਪੁਰ, ਰੇਸ਼ਮ ਸਿੰਘ ਲੋਧੀਗੁੱਜਰ, ਰੇਸ਼ਮ ਸਿੰਘ ਬੱਚੀਵਿੰਡ, ਜਸਪਾਲ ਸਿੰਘ ਦਸਮੇਸ਼ ਨਗਰ ਆਦਿ ਹਾਜ਼ਰ ਸਨ।

## ਹੜ੍ਹ ਪ੍ਰਭਾਵਿਤ ਲੋਕਾਂ ਲਈ ਅੱਗੇ ਆਓ

(1) 1 ਅਪ੍ਰੈਲ 2025 ਤੋਂ ਫੋਟੋ 3100 ਰੁ. ਜਾਂ ਵੱਧ ਦੇਣ ਵਾਲੀ ਦੀ ਛਾਪੀ ਜਾਵੇਗੀ।
(2) ਨਗਦ ਅਤੇ ਡਰਾਫਟ ਦਫਤਰ 'ਚ 11 AM ਤੋਂ 8 PM ਤੱਕ ਦਿਉ।
(3) NEFT ਲਈ ਸਟੇਟ ਬੈਂਕ ਆਫ ਇੰਡੀਆ, ਤ੍ਰਿਪੜੀ ਪਟਿਆਲਾ, A/C No. 38112618259, IFSC Code : SBIN0011586.
(4) ਦਾਨੀ ਸੱਜਣ ਰਕਮ ਟ੍ਰਾਂਸਫਰ ਕਰਕੇ 98762-97268 ਜਾਂ 98557-32101 'ਤੇ ਵ੍ਹਟਸਐਪ ਕਰਨ ਅਤੇ ਆਪਣਾ ਆਧਾਰ ਨੰਬਰ ਜਾਂ ਪੈਨ ਨੰਬਰ ਨਾਲ ਜਰੂਰ ਭੇਜਣ।

ਸ਼ਹੀਦ ਪਰਿਵਾਰਾਂ ਦੇ ਫੰਡ ਲਈ ਸਹਾਇਤਾ ਇੱਥੇ ਭੇਜੋ:
SHRI HARKRISHAN CHARITABLE SOCIETY
SCO No. 976, Street No. 7, Opp. SBI Bank, Tripuri, Patiala - 14701